ਅਪਰੈਲ 1977

1/-



ਬਾਬਾ ਗੁਰਮੁਖ ਸਿੰਘ ਲਲਤੋਂ

(1888—1977)

ਬੇੜੀਆਂ ਦੀ ਛਣਕ ਵਿਚ ਜੋ ਰਮਜ਼ ਹੈ, ਕੌਣ ਕਹਿੰਦੈ ਲੋਕਾਂ ਪਹਿਚਾਣੀ ਨਹੀਂ ।
ਖ਼ੂਨ ਇਹ ਲੋਕਾਂ ਦਾ ਹੈ ਪਾਣੀ ਨਹੀਂ, ਏਸਦੀ ਸੁਰਖੀ ਕਦੇ ਜਾਣੀ ਨਹੀਂ ।

— ਜਗਤਾਰ

Namdhari Elibrary NamdhariElibrary@gmail.com

## ਵਰਿਆਮ ਲਾਇਬਰੇਰੀਆਂ ਲਈ ਮਨਜ਼ੂਰ

ਨਿਰਦੇਸ਼ਕ ਸਿਖਿਆ ਵਿਭਾਗ (ਸਕੂਲਜ਼) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ 3/1-77 ਐਡੀਟਰਜ਼ ਮਿਤੀ 2-3-1977 ਰਾਹੀਂ ਵਰਿਆਮ ਹਾਈ ਤੇ ਹਾਇਰ ਸੈਕੰਡਰੀ ਸਕੂਲਾਂ ਅਤੇ ਸਮਾਜਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਵਾਸਤੇ ਪ੍ਰਵਾਨ ਕੀਤਾ ਗਿਆ ਹੈ। ਅਸੀਂ ਅਪਣੇ ਸਨੇਹੀਆਂ ਪ੍ਰਤੀ ਬੇਨਤੀ ਕਰਾਂਗੇ ਕਿ ਉਹ ਵਧ ਤੋਂ ਵਧ ਲਾਇਬਰੇਰੀਆਂ ਵਿਚ 'ਵਰਿਆਮ' ਨੂੰ ਲਵਾਉਣ ਦਾ ਉਪਰਾਲਾ ਕਰਨ।

## ਮੁਬਾਰਕਬਾਦ

ਪੰਜਾਬ ਸਰਕਾਰ ਨੇ ਇਸ ਸਾਲ ਲਈ ਸ਼੍ਰੋਮਣੀ ਸਾਹਿਤਕਾਰਾਂ ਵਜੋਂ ਨਵਤੇਜ, ਹਰਨਾਮ ਦਾਸ ਸਹਿਰਾਈ (ਪੰਜਾਬੀ), ਦੇਵਿੰਦਰ ਸਤਿਆਰਥੀ (ਹਿੰਦੀ) ਤੇ ਸਾਹਿਰ ਲੁਧਿਆਣਵੀ (ਉਰਦੂ) ਨੂੰ ਸਨਮਾਨ ਦਿਤਾ ਹੈ। ਦਿਲੀ ਪ੍ਰਸ਼ਾਸਨ ਦੀ ਸਾਹਿਤ ਕਲਾ ਪ੍ਰਿਸ਼ਦ ਵਲੋਂ ਇਸ ਸਾਲ ਦੇ ਪ੍ਰਮੁਖ ਪੰਜਾਬੀ ਲੇਖਕ ਵਜੋਂ ਸ: ਬੂਟਾ ਸਿੰਘ ਕਹਾਣੀਕਾਰ ਨੂੰ ਸਨਮਾਨਿਆ ਗਿਆ ਹੈ। ਇਹਨਾਂ ਸਾਰੇ ਸਨਮਾਨਤ ਸਾਹਿਤਕਾਰਾਂ ਨੂੰ ਅਸੀਂ ਅਪਣੇ ਅਤੇ ਵਰਿਆਮ ਦੇ ਪਾਠਕਾਂ ਵਲੋਂ ਦਿਲੀ ਮੁਬਾਰਕਬਾਦ ਪੇਸ਼ ਕਰਦੇ ਹਾਂ।

—ਜਗਦੀਸ਼ ਸਿੰਘ

## ਨਾਮਧਾਰੀ ਸੰਗੀਤ ਸੰਮੇਲਨ ਨਵੀਂ ਦਿਲੀ

ਇਸ ਵਾਰ ਮਿਤੀ 9—10—11 ਅਪਰੈਲ ਦਿਨ ਸਨਿਚਰਵਾਰ, ਐਤਵਾਰ ਤੇ ਸੋਮਵਾਰ ਨੂੰ ਐਵਾਨ-ਏ-ਗ਼ਾਲਿਬ ਹਾਲ, ਮਾਤਾ ਸੁੰਦਰੀ ਲੇਨ, ਨਵੀਂ ਦਿਲੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਚੌਥਾ ਮਹਾਨ ਸੰਗੀਤ ਸੰਮੇਲਨ ਹੋ ਰਿਹਾ ਹੈ ਜਿਸ ਵਿਚ ਆਲਮੀ ਸ਼ੁਹਰਤ ਦੇ ਸ਼ਾਸਤਰੀ ਸੰਗੀਤ ਦੇ ਕਲਾਕਾਰ ਭਾਗ ਲੈ ਰਹੇ ਹਨ। ਇਹ ਸਮੇਲਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪਰਸਤੀ ਹੇਠ ਹੋ ਰਿਹਾ ਹੈ।

## ਹਰਿਆਣਾ ਹਾਕੀ ਐਸੋਸੀਏਸ਼ਨ ਦੀ ਮੰਦਹਾਲੀ

ਇਸ ਸਾਲ ਹਰਿਆਣੇ ਦੀ ਜੂਨੀਅਰ ਹਾਕੀ ਟੀਮ ਵਿਚ ਸ੍ਰੀ ਜੀਵਨ ਨਗਰ ਹਲਕੇ ਤੋਂ ਸਤ ਖਿਲਾੜੀ ਚੁਣੇ ਗਏ। ਇਸ ਟੀਮ ਦੀ ਕਪਤਾਨੀ ਠਾਕਰ ਉਦੇ ਸਿੰਘ ਨੇ ਕੀਤੀ। ਜਿਥੇ ਇਸ ਇਲਾਕੇ ਵਿਚ ਹਾਕੀ ਦੀ ਖੇਡ ਵਾਸਤੇ ਠਾਕਰ ਦਲੀਪ ਸਿੰਘ ਜੀ ਉਚੇਚੇ ਜਤਨ ਕਰ ਰਹੇ ਹਨ ਉਥੇ ਹਰਿਆਣਾ ਦੀ ਹਾਕੀ ਐਸੋਸੀਏਸ਼ਨ ਤੇ ਅਫਸੋਸ ਆਉਂਦਾ ਹੈ ਜਿਸ ਕੋਲ ਇਸ ਟੀਮ ਨੂੰ ਨੈਸ਼ਨਲ ਖੇਡਣ ਲਈ ਮਦਰਾਸ ਭੇਜਣ ਵਾਸਤੇ ਫੰਡ ਹੀ ਨਹੀਂ ਸਨ। ਅੰਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਤਨਾ ਨਾਲ ਹਰਿਆਣੇ ਦੀ ਟੀਮ ਨੈਸ਼ਨਲ ਵਿਚ ਭਾਗ ਲੈ ਸਕੀ।



Namdhari Elibrary NamdhariElibrary@gmail.com

ਮਾਸਕ
# ਵਰਿਆਮ
ਅਪਰੈਲ 1977

ਜਿਲਦ ਨੰ: 2 ਅੰਕ ਨੰ: 6

ਪ੍ਰਕਾਸ਼ਨ ਮਿਤੀ 5-4-77

ਮੁਖ ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : 1 ਰੁਪਿਆ
ਸਾਲਾਨਾ ਚੰਦਾ ਦੇਸ : 12 ਰੁਪਏ
,, ,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : 200 ਰੁਪਏ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—144001.
ਫੋਨ : 2504 ਪੀ. ਪੀ.

Office Address :
WARIAM
(Punjabi Monthly)
Ladowali Road
Jullundur-144001

ਪੰਨਾ

| | | |
|---|---|---|
| ਤੁਹਾਡਾ ਪੰਨਾ | | 2 |
| ਬਾਬਾ ਗੁਰਮੁਖ ਸਿੰਘ | | 3 |
| ਕਾਂਗਰਸ ਗਈ ਜਨਤਾ ਆਈ | | 4 |
| ਕ੍ਰਿਸ਼ਨ ਚੰਦਰ | | 5 |
| ਤਿੰਨ ਗ਼ਜ਼ਲਾਂ | ਸਰਵਨ ਰਾਹੀ | 6 |
| ਗ਼ਜ਼ਲ | ਤੂਲੀ | 7 |
| ਬੁਰਕਾ (ਕਵਿਤਾ) | ਇਕਬਾਲ ਦੀਪ | 7 |
| ਗ਼ਜ਼ਲ | ਗੁਰਭਜਨ ਸਿੰਘ ਨਾਮਧਾਰੀ | 7 |
| ਦੀਵਾਰ-ਉਰਾਰ-ਪਾਰ (ਕਵਿਤਾ) | ਸੁਰਜੀਤ ਖ਼ੁਰਸ਼ੀਦੀ | 8 |
| ਵਿਰਦੀ ਇਕ ਵਡੇਰਾ | ਜੋਗਿੰਦਰ ਅਮਰ | 9 |
| ਪਰਿਕੱਰਮਾ (ਕਹਾਣੀ) | ਜਸਵੰਤ ਸਿੰਘ ਵਿਰਦੀ | 9 |
| ਉਹ ਹੰਗੇਰੀਅਨ ਨਾਮਧਾਰਨ | ਪ੍ਰੀਤਮ ਸਿੰਘ ਪੰਛੀ | 13 |
| ਮਿਟੀ ਦਾ ਤੇਲ (ਕਹਾਣੀ) | ਕ੍ਰਿਸ਼ਨ ਚੰਦਰ | 15 |
| ਬੋਲ ਬਾਣੀ ਦਾ ਸੰਜਮ | ਪ੍ਰੀਤਮ ਸਿੰਘ ਕਵੀ | 18 |
| ਏਕ ਗਧਾ ਨੇਫਾ ਮੇਂ (ਵਿਅੰਗ) | ਕ੍ਰਿਸ਼ਨ ਚੰਦਰ | 21 |
| ਲੋਕ ਸੰਗੀਤ | ਪ੍ਰੋ: ਜੋਗਿੰਦਰ ਬਾਵਰਾ | 30 |
| ਭਵਿਖ ਭਾਰਤੀ ਹਾਕੀ ਦਾ (ਖੇਡਾਂ) | ਨਰਾਇਣ | 32 |



Namdhari Elibrary NamdhariElibrary@gmail.com

# ਤੁਹਾਡਾ ਪੰਨਾ

ਸੁਹਿਰਦ ਸੰਪਾਦਕ ਜੀ,

'ਵਰਿਆਮ' ਲਗਾਤਾਰ ਮਿਲ ਰਿਹਾ ਹੈ, ਧੰਨਵਾਦ। ਪਰਚੇ ਦੀ ਆਪਣੀ ਨਿਵੇਕਲੀ ਨੁਹਾਰ ਹੈ ਤੇ ਪਰਚਾ ਚੰਗੇ ਪਰਚਿਆਂ 'ਚ ਜ਼ਰੂਰ ਆਪਣਾ ਸਥਾਨ ਬਨਾਉਣ ਜਾ ਰਿਹਾ ਹੈ।

ਜੇ ਤੁਹਾਡੀ ਪਾਲਿਸੀ ਦੇ ਵਿਰੁਧ ਗਲ ਨਾ ਜਾਂਦੀ ਹੋਵੇ ਤਾਂ ਪਰਚੇ ਵਿਚ ਆਲੋਚਨਾਤਮਕ ਲੇਖ ਜ਼ਰੂਰ ਛਾਪਿਆ ਕਰੋ।

ਇਸ ਵਾਰ 'ਗ਼ਜ਼ਲ' ਫਕੀਰ ਚੰਦ ਤੁਲੀ ਦੀ ਜ਼ਿਆਦਾ ਮਨ ਭਾਈ ਤੇ ਤੁਲੀ ਦੀ ਚਿੱਠੀ ਜੋ ਤੁਸੀਂ ਛਾਪੀ ਹੈ, ਲਈ ਵੀ ਧੰਨਵਾਦੀ ਹਾਂ। ਪੰਜਾਬੀ ਦੇ ਪਾਠਕ ਦੂਜੀਆਂ ਜ਼ਬਾਨਾਂ ਵੀ ਪੜ੍ਹਦੇ ਹਨ, ਇਹ ਖ਼ੁਸ਼ੀ ਦੀ ਗਲ ਹੈ।

ਸ਼ਿਵ ਨਗਰ — ਤੁਹਾਡਾ ਹਿੱਤੂ
ਨਵੀਂ ਦਿਲੀ-18 — ਇਕਬਾਲ ਦੀਪ

---

ਪਿਆਰੇ ਜਗਦੀਸ਼ ਜੀ,

ਮੈਂ 'ਵਰਿਆਮ' ਲਈ ਕੇਵਲ ਲਿਖਦਾ ਹੀ ਨਹੀਂ, ਪੜ੍ਹਦਾ ਵੀ ਹਾਂ। ਫਰਵਰੀ 1977 ਦੇ ਵਰਿਆਮ ਦਾ ਮੁਖ ਪੰਨਾ ਵੇਖ ਕੇ ਮੈਨੂੰ ਹਾਰਦਿਕ ਪ੍ਰਸੰਨਤਾ ਹੋਈ ਹੈ। ਉਸਤਾਦ ਵਿਲਾਇਤ ਖਾਂ (ਸਿਤਾਰ ਵਾਦਕ) ਉਚ ਕੋਟੀ ਦੇ ਸੰਸਾਰ ਦੇ ਖਿਆਤੀ ਪ੍ਰਾਪਤ ਸੰਗੀਤਕਾਰ ਹਨ। ਇਹ ਦੋਵੇਂ ਗੁਣ ਵਰਿਆਮ ਨੂੰ ਵੀ ਪ੍ਰਾਪਤ ਹੋਣ। ਸ੍ਰੀ ਸੁਮੇਰ, ਫਕੀਰ ਚੰਦ ਤੁਲੀ, ਡਾ: ਨਰੇਸ਼ ਦੁਆਰਾ ਲਿਖਿਤ ਰਚਨਾਵਾਂ ਉਚਪਧਰੀਆਂ ਹਨ। "ਕਰੋਧ ਤੇ ਕਾਬੂ ਪਾਈਏ" ਪ੍ਰੀਤਮ ਸਿੰਘ ਕਵੀ ਜੀ ਦਾ ਲੇਖ ਬੜੀ ਸਿਖਿਆ ਭਰਪੂਰ ਹੈ। ਤੁਹਾਡਾ ਪੰਨਾ ਵਿਚ ਕੁਝ ਪੱਤਰ ਛਪੇ ਹਨ। ਮੈਂ ਸ: ਹਰਭਜਨ ਸਿੰਘ (ਜੰਮੂ) ਅਤੇ ਸ: ਅਮਰੀਕ ਸਿੰਘ (ਅੰਮ੍ਰਿਤਸਰ) ਹੋਰਾਂ ਦਾ ਮੇਰੇ ਸੰਗੀਤ ਸੰਬੰਧੀ ਖੋਜ ਲੇਖਾਂ ਨੂੰ ਪਸੰਦ ਕਰਨ ਲਈ ਧੰਨਵਾਦੀ ਹਾਂ।

ਆਪ ਜੀ ਦਾ
ਜਲੰਧਰ। — ਜੋਗਿੰਦਰ 'ਬਾਵਰਾ'

ਪਿਆਰੇ ਜਗਦੀਸ਼ ਸਿੰਘ ਜੀ,

ਵਰਿਆਮ ਨੂੰ ਸੁੰਦਰ, ਰੌਚਿਕ ਤੇ ਹਰਮਨ ਪਿਆਰਾ ਬਨਾਉਣ ਲਈ ਤੁਹਾਡੀਆਂ ਕੋਸ਼ਿਸ਼ਾਂ ਸਾਕਾਰ ਹੋਣ—ਅਸੀਂ ਸਭ ਤੁਹਾਡੇ ਨਾਲ ਹਾਂ।

ਵਰਿਆਮ ਸਾਹਿਤਕ ਤੇ ਨਿਖਰਵੀਂ ਦਿੱਖ ਵਾਲਾ ਚੰਗੇ ਮਿਆਰ ਦਾ ਬਣ ਰਿਹਾ ਹੈ. ਸੰਗੀਤਕ ਫੀਚਰ ਦੀ ਬਹੁਤ ਪ੍ਰਸੰਸਾ ਮਿਲਦੀ ਹੈ। ਸ: ਅਮਰੀਕ ਸਿੰਘ ਜੀ ਦੀ ਗ਼ਜ਼ਲ ਬਹੁਤ ਸ਼ਾਨਦਾਰ ਹੈ।

ਆਪ ਜੀ ਦਾ ਹਿੱਤੂ
ਗੁਰਭਜਨ ਸਿੰਘ ਨਾਮਧਾਰੀ


ਜਸਵੰਤ ਸਿੰਘ ਵਿਰਦੀ
ਦਾ ਨਵਾਂ ਕਹਾਣੀ ਸੰਗ੍ਰਹਿ

**'ਜ਼ਿੰਦਗੀ'**

ਇਹ ਪੁਸਤਕ ਭਾਸ਼ਾ ਵਿਭਾਗ ਪੰਜਾਬ ਸਰਕਾਰ ਦੀ ਮਾਲੀ ਸਹਾਇਤਾ ਨਾਲ ਛਪੀ ਹੈ ਅਤੇ ਇਸ ਵਿਚ ਲੇਖਕ ਦੀਆਂ 21 ਕਹਾਣੀਆਂ ਸ਼ਾਮਿਲ ਹਨ, ਜੋ ਕਿ ਜ਼ਿੰਦਗੀ ਦੇ ਹਰੇਕ ਖੇਤਰ ਦੀ ਪ੍ਰਤਿਨਿਧਤਾ ਕਰਦੀਆਂ ਹਨ। ਇਸ ਪੁਸਤਕ ਨੂੰ ਪੜ੍ਹ ਕੇ ਪੰਜਾਬੀ ਕਹਾਣੀ ਦੀ ਵਿਲਖਣਤਾ ਅਤੇ ਬਹੁ-ਭਿੰਨਤਾ ਦਾ ਗਿਆਨ ਹੁੰਦਾ ਹੈ।

'ਵਰਿਆਮ' ਦੇ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਕੀਮਤ : 10 ਰੁਪੇ — ਪੰਨੇ 160

ਪ੍ਰਕਾਸ਼ਕ :
ਨੀਊਦੇਜ਼ ਬੁਕ ਸੈਂਟਰ
ਅੰਮ੍ਰਿਤਸਰ





Namdhari Elibrary NamdhariElibrary@gmail.com

# ਬਾਬਾ ਗੁਰਮੁਖ ਸਿੰਘ

ਆਜ਼ਾਦੀ ਸੰਗਰਾਮ ਦੇ ਉਘੇ ਸੂਰਮੇ ਬਾਬਾ ਗੁਰਮੁਖ ਸਿੰਘ ਜਲੰਧਰ ਵਿਖੇ 13 ਮਾਰਚ ਨੂੰ ਸਵੇਰੇ ਛੇ ਵਜੇ ਸਿਵਲ ਹਸਪਤਾਲ ਵਿਚ ਚਲਾਣਾ ਕਰ ਗਏ ।

ਬਾਬਾ ਜੀ ਪਿਛਲੇ ਕੁਝ ਮਹੀਨਿਆਂ ਤੋਂ ਬੀਮਾਰ ਸਨ ਤੇ ਹਸਪਤਾਲ ਵਿਚ ਜ਼ੇਰੇ ਇਲਾਜ ਸਨ ।

ਪਿਛਲੇ ਕੁਝ ਸਾਲਾਂ ਤੋਂ ਬਾਬਾ ਜੀ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਬਣਾਇਆ ਹੋਇਆ ਸੀ। ਇਹ ਕਮੇਟੀ ਉਹਨਾ ਦੇ ਉਦਮ ਦਾ ਹੀ ਨਤੀਜਾ ਸੀ । ਇਸ ਦਾ ਮੰਤਵ ਗਦਰ ਤਹਿਰੀਕ ਤੇ ਇਸ ਵਿਚ ਜਾਨਾਂ ਦੇ ਜਾਣ ਜਾਂ ਲੰਮੀਆਂ ਕੈਦਾਂ ਤੇ ਸਖਤੀਆਂ ਝੱਲਣ ਵਾਲੇ ਦੇਸ਼ ਭਗਤਾਂ ਦੀ ਯਾਦ ਨੂੰ ਸੁਰਜੀਤ ਕਰਨਾ ਸੀ ।

ਬਾਬਾ ਜੀ ਦੀ ਅਗਵਾਈ ਵਿਚ ਦੇਸ਼ ਭਗਤ ਯਾਦਗਰ ਕਮੇਟੀ ਨੇ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਹਾਲ ਕਾਇਮ ਕੀਤਾ ਤੇ ਗਦਰ ਤਹਿਰੀਕ ਦਾ ਇਤਿਹਾਸ ਪ੍ਰਕਾਸ਼ਤ ਕੀਤਾ ।

ਬਾਬਾ ਜੀ ਨੇ ਆਪਣੀ 85 ਸਾਲ ਦੀ ਜ਼ਿੰਦਗੀ ਵਿਚੋਂ 60 ਸਾਲ ਅੰਗਰੇਜ਼ ਹਕੂਮਤ ਦੇ ਖਿਲਾਫ ਆਜ਼ਾਦੀ ਦੀ ਲੜਾਈ ਵਿਚ ਤੇ ਜਨਤਕ ਲਹਿਰਾਂ ਵਿਚ ਜੇਲ੍ਹਾਂ ਕਟਦਿਆਂ, ਸਖਤੀਆਂ ਝਲਦਿਆਂ ਤੇ ਕਠਨ ਹਾਲਤਾਂ ਵਿਚ ਵੀ ਰਾਜਨੀਤਕ ਸਰਗਰਮੀਆਂ ਜਾਰੀ ਰਖਦਿਆਂ ਗੁਜ਼ਾਰੇ ।

ਉਹਨਾਂ 20 ਸਾਲ ਦੇ ਕਰੀਬ ਜੇਲ੍ਹਾਂ ਕਟੀਆਂ । ਇਹਨਾਂ ਵਿਚੋਂ ਕੁਝ ਸਾਲ ਉਹਨਾਂ ਨੂੰ ਅੰਗਰੇਜ਼ ਸਰਕਾਰ ਨੇ ਕਾਲੇ ਪਾਣੀ ਰਖਿਆ । 14 ਸਾਲ ਉਹਨਾਂ ਰੂਪੋਸ਼ੀ ਦੀ ਹਾਲਤ ਵਿਚ ਕੰਮ ਕੀਤਾ ।

ਉਹ ਦਸਵੀਂ ਪਾਸ ਕਰਦਿਆਂ ਹੀ ਜੰਗੇ ਆਜ਼ਾਦੀ ਵਿਚ ਕੁਦ ਪਏ ਸਨ । ਉਹ ਘਰੋਂ ਬਦੇਸਾਂ ਵਿਚ ਕਮਾਈ ਕਰਨ ਲਈ ਤੁਰੇ ਸਨ ਪਰ ਦੇਸ਼ ਤੋਂ ਬਾਹਰ ਪੈਰ ਧਰਦਿਆਂ ਹੀ ਅਜ਼ਾਦੀ ਦੀ ਲੜਾਈ ਵਿਚ ਠਿਲ੍ਹ ਪਏ ਤੇ ਫੇਰ ਉਹਨਾਂ ਪਰਤ ਕੇ ਨਹੀਂ ਦੇਖਿਆ ।

ਕੈਨੇਡਾ ਤੋਂ ਵਾਪਸ ਪਰਤਾ ਦਿਤੇ ਜਾਣ ਪਿਛੋਂ ਕਾਮਾ ਗਾਟਾ ਮਾਰੂ ਜਹਾਜ਼ ਬੱਜਬੱਜ ਘਾਟ (ਕਲਕਤਾ) ਪਰਤਿਆ ਤਾਂ ਇਸ ਵਿਚ ਸਵਾਰ ਗਦਰੀ ਹਿੰਦੁਸਤਾਨੀਆਂ ਦਾ ਅੰਗਰੇਜ਼ ਹਕੂਮਤ ਨੇ ਗੋਲੀਆਂ ਨਾਲ ਸਵਾਗਤ ਕੀਤਾ । ਕੁਝ ਹਿੰਦੁਸਤਾਨੀ ਨੱਸ ਗਏ ਤੇ ਕਈ ਮਾਰੇ ਗਏ । ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਹਨਾਂ ਦੇ ਪਿੰਡ ਲਲਤੋਂ ਵਿਚ ਨਜ਼ਰਬੰਦ ਕਰ ਦਿਤਾ ਗਿਆ । ਜਿਵੇਂ ਹੀ ਉਹ ਰਿਹਾ ਹੋਏ ਉਹ ਆਜ਼ਾਦੀ ਦੀ ਲੜਾਈ ਵਿਚ ਦੂਣੇ ਜੋਸ਼ ਨਾਲ ਕੁਦ ਪਏ । ਉਹਨਾਂ ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਫੌਜਾਂ ਵਿਚ ਬਗਾਵਤ ਭੜਕਾਉਣ ਦਾ ਕੰਮ ਸ਼ੁਰੂ ਕੀਤਾ । 1915 ਵਿਚ ਆਪ ਨੂੰ ਲਾਹੌਰ ਵਿਚ ਗ੍ਰਿਫਤਾਰ ਕੀਤਾ ਗਿਆ ਤੇ ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਉਮਰ ਕੈਦ, ਕਾਲੇ ਪਾਣੀ ਤੇ ਘਰ ਘਾਟ ਦੀ ਜ਼ਬਤੀ ਦੀ ਸਜ਼ਾ ਹੋਈ ।

ਰਾਜਨੀਤਕ ਕੈਦੀਆਂ ਨੂੰ ਕਾਲੇ ਪਾਣੀ ਭੇਜਣ ਤੇ ਤਸੀਹੇ ਦੇਣ ਵਿਰੁਧ ਹੋਈ ਜ਼ਬਰਦਸਤ ਐਜੀਟੇਸ਼ਨ ਦੇ ਸਿਟੇ ਵਜੋਂ ਬਾਬਾ ਜੀ ਨੂੰ ਕੁਝ ਹੋਰ ਦੇਸ਼ ਭਗਤਾਂ ਦੇ ਨਾਲ ਹਿੰਦੁਸਤਾਨ ਲਿਆਂਦਾ ਗਿਆ । ਉਹਨਾਂ ਨੂੰ ਤਿਰਚਨਾਪਲੀ ਜੇਲ੍ਹ ਤੋਂ ਅਕੋਲਾ ਜੇਲ੍ਹ ਵਿਚ ਲਿਜਾਇਆ ਜਾ ਰਿਹਾ ਸੀ ਜਦੋਂ ਉਹ ਰਾਤ ਵੇਲੇ ਨਾਗਪੁਰ ਨੇੜੇ ਕੜੀਆਂ ਤੇ ਬੇੜੀਆਂ ਸਮੇਤ ਚਲਦੀ ਗੱਡੀ ਵਿਚੋਂ ਛਾਲ ਮਾਰ ਗਏ । ਇਸ ਪਿਛੋਂ ਉਹ ਸਾਥੀ ਤੇਜਾ ਸਿੰਘ ਸੁਤੰਤਰ ਤੇ ਹੋਰ ਸਾਥੀਆਂ ਦੀ ਮਦਦ ਨਾਲ ਕਾਬਲ ਤੇ ਉਥੋਂ ਰੂਸ, ਤੁਰਕੀ, ਫਰਾਂਸ, ਜਰਮਨੀ, ਅਫਰੀਕਾ ਤੇ ਅਮਰੀਕਾ ਗਏ । 1928 ਵਿਚ ਅਮਰੀਕਾ ਪੁਜਣ ਉਤੇ ਉਹਨਾਂ ਗਦਰ ਪਾਰਟੀ ਨੂੰ ਮੁੜ ਕੇ ਜਥੇਬੰਦ ਕਰਨਾ ਸ਼ੁਰੂ ਕੀਤਾ ਅਤੇ ਉਥੋਂ ਮਾਸਕੋ ਚਲੇ ਗਏ ਜਦੋਂ ਉਹ ਉਥੋਂ ਪੰਜਾਬ ਪਰਤੇ ਤਾਂ ਭਾਈ ਸੰਤੋਖ ਸਿੰਘ ਨੇ ਕਿਰਤੀ ਅਖਬਾਰ ਦੀ ਨੀਂਹ ਰੱਖ ਦਿਤੀ ਸੀ । ਉਹਨਾਂ ਕਿਰਤੀ ਪਾਰਟੀ ਵਿਚ ਖੁਫੀਆ ਢੰਗ ਨਾਲ ਕੰਮ ਸ਼ੁਰੂ ਕੀਤਾ । ਪਰ ਮੁਖਬਰੀ ਹੋਣ ਉਤੇ 1935-36 ਵਿਚ ਫੜੇ ਗਏ ਤੇ ਦੂਸਰੀ ਸੰਸਾਰ ਜੰਗ ਦੇ ਖਾਤਮੇ ਉਤੇ 1944—45 ਵਿਚ ਰਿਹਾ ਹੋਏ ।

ਹਿੰਦ ਕਮਿਊਨਿਸਟ ਲਹਿਰ ਦਾ ਮੁਢ ਬਝਦਿਆਂ ਹੀ ਇਸ ਨਾਲ ਸਬੰਧਤ ਹੋ ਗਏ ਸਨ ਤੇ ਆਖਰੀ ਪਲ ਤਕ ਕਮਿਊਨਿਸਟ ਆਦਰਸ਼ਾਂ ਦੇ ਵਫਾਦਾਰ ਰਹੇ ਤੇ ਪੰਜਾਬ ਦੇ ਸਰਕਰਦਾ ਕਮਿਊਨਿਸਟ ਆਗੂਆਂ ਵਿਚ ਗਿਣੇ ਜਾਂਦੇ ਰਹੇ ।

ਬਾਬਾ ਜੀ ਦਾ ਸਾਰੇ ਰਾਜਨੀਤਕ ਹਲਕਿਆਂ ਵਿਚ ਡੂੰਘਾ ਸਤਿਕਾਰ ਸੀ । ਬਦੇਸ਼ਾਂ ਵਿਚ, ਖਾਸ ਤੌਰ ਤੇ ਕੈਨੇਡਾ ਤੇ ਅਮਰੀਕਾ ਵਿਚ ਚਿਰਾਂ ਤੋਂ ਰਹਿੰਦੇ ਪੰਜਾਬੀ ਉਹਨਾਂ ਦਾ ਬੜਾ ਆਦਰ ਮਾਣ ਕਰਦੇ ਸਨ ।

ਉਹਨਾਂ ਦੇ ਅਕਾਲ ਚਲਾਣੇ ਨਾਲ ਦੇਸ਼ ਨੂੰ ਵਡਾ ਘਾਟਾ ਪਿਆ ਹੈ ਅਤੇ ਆਜ਼ਾਦੀ ਦੀ ਲੜਾਈ ਦਾ ਇਕ ਹੀਰੋ ਸਾਥੋਂ ਜੁਦਾ ਹੋ ਗਿਆ ਹੈ । ਅਜ ਦੇ ਨੌਜੁਆਨਾ ਲਈ ਉਹਨਾਂ ਦਾ ਜੀਵਨ ਪਰੇਰਨਾ ਦਾ ਸਰੋਤ ਹੈ । ਅਦਾਰਾ 'ਵਰਿਆਮ' ਕੌਮ ਦੇ ਦੁਖ ਵਿਚ ਸ਼ਰੀਕ ਹੁੰਦਾ ਹੋਇਆ ਬਾਬਾ ਜੀ ਨੂੰ ਦਿਲੀ ਸ਼ਰਧਾਂਜਲੀ ਅਰਪਣ ਕਰਦਾ ਹੈ । ਸੰਪਾਦਕ



Namdhari Elibrary NamdhariElibrary@gmail.com

# ਕਾਂਗਰਸ ਗਈ-ਜਨਤਾ ਆਈ

ਹੁਣੇ ਹੁਣੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਜਿਸ ਗਰਮਜੋਸ਼ੀ ਨਾਲ ਲੋਕਾਂ ਵੋਟਾਂ ਪਾਕੇ ਕਾਂਗਰਸ ਦੇ 30 ਸਾਲਾ ਰਾਜ ਨੂੰ ਖਤਮ ਕੀਤਾ ਹੈ ਭਾਰਤ ਦੇ ਇਤਿਹਾਸ ਵਿਚ ਸਦਾ ਹੀ ਯਾਦ ਰਹੇਗਾ। ਇਹ ਸਮਾਂ ਕਾਂਗਰਸ ਵਾਸਤੇ ਉਸ ਦੇ 90 ਸਾਲਾ ਇਤਿਹਾਸ ਵਿਚ ਸਭ ਤੋਂ ਵਧ ਮਾੜਾ ਸਮਾਂ ਕਿਹਾ ਜਾ ਸਕਦਾ ਹੈ। ਇਹ ਤਾਂ ਆਉਣ ਵਾਲਾ ਸਮਾਂ ਦਸੇਗਾ ਜਾਂ ਜਨਤਾ ਸਰਕਾਰ ਦੇ ਕਮ ਕਿ ਲੋਕਾਂ ਦਾ ਫੈਸਲਾ ਕਿੰਨਾ ਕੁ ਠੀਕ ਹੈ ਪਰ ਇਕ ਗਲ ਜ਼ਰੂਰੀ ਹੋਵੇਗੀ ਕਿ ਆਉਣ ਵਾਲੀ ਹਰ ਸਰਕਾਰ ਲੋਕਾਂ ਦੇ ਮਤ ਦੀ ਕਦਰ ਕਰੇਗੀ।

ਸਭ ਤੋਂ ਵੱਧ ਧੱਕਾ ਲਾਉਣ ਵਾਲੀ ਗੱਲ ਸ੍ਰੀਮਤੀ ਇੰਦਰਾ ਗਾਂਧੀ ਦੀ ਹਾਰ ਹੈ। ਕਿਸੇ ਦੇ ਵਹਿਮੋ ਗੁਮਾਨ ਵਿਚ ਵੀ ਨਹੀਂ ਸੀ ਕਿ ਉਹ ਹਾਰ ਜਾਣਗੇ। ਅਤੇ ਕਾਂਗਰਸ ਦੇ ਵਿਰੁਧ ਵੋਟਾਂ ਪਾਉਣ ਵਾਲੇ ਜਨਤਾ ਪਾਰਟੀ ਦੇ ਵਡੇ ਸਮਰਥਕ ਵੀ ਬੀਬੀ ਇੰਦਰਾ ਦੀ ਹਾਰ ਤੋਂ ਨਾ ਖੁਸ਼ ਅਤੇ ਹੈਰਾਨ ਹਨ। ਇਹ ਗੱਲ ਸ੍ਰੀਮਤੀ ਇੰਦਰਾ ਦੇ ਹੱਕ ਵਿਚ ਜਾਂਦੀ ਹੈ ਕਿ ਉਹਨਾਂ ਨੇ ਸਭ ਅਫਵਾਹਾਂ ਦੇ ਉਲਟ ਦੁਨੀਆਂ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਭਾਰਤ ਵਿਚ ਆਜ਼ਾਦਾਨਾ ਅਤੇ ਨਿਆਂ ਭਰਪੂਰ ਚੋਣ ਕਰਵਾਈ ਹੈ ਭਾਵੇਂ ਉਹ ਆਪ ਤੇ ਉਹਨਾਂ ਦੀ ਪਾਰਟੀ ਹਾਰ ਗਏ ਹਨ।

ਕਾਂਗਰਸ ਦੀ ਉਤਰੀ ਭਾਰਤ ਵਿਚ ਏਡੀ ਵਡੀ ਹਾਰ ਦਾ ਕਾਰਨ ਪਿਛਲੇ 19 ਮਹੀਨੇ ਲਗੀ ਐਮਰਜੈਂਸੀ ਹੈ। ਭਾਵੇਂ ਐਮਰਜੈਂਸੀ ਲਾਉਣ ਦਾ ਮਕਸਦ ਕਿੰਨਾ ਵੀ ਚੰਗਾ ਹੋਵੇ ਪਰ ਇਸ ਦਾ ਜਨਮ ਸ੍ਰੀਮਤੀ ਇੰਦਰਾ ਵਿਰੁਧ ਹੋਏ ਅਲਾਹਬਾਦ ਹਾਈ ਕੋਰਟ ਦੇ ਫੈਸਲੇ ਪਿਛੋਂ ਹੋਇਆ ਅਤੇ ਐਮਰਜੈਂਸੀ ਦੇ ਦੌਰਾਨ ਅਖਬਾਰਾਂ ਤੇ ਸੈਂਸਰ, ਸਮਗਲਰ ਤੇ ਸਮਾਜ ਦੁਸ਼ਮਣ ਅਨਸਰਾਂ ਤੋਂ ਇਲਾਵਾ ਸਿਆਸੀ ਆਗੂਆਂ ਦੀ ਗ੍ਰਿਫਤਾਰੀ, ਅਤੇ ਸੰਜੇ ਗਾਂਧੀ ਦਾ ਗੈਰ ਵਿਧਾਨਕ ਤੌਰ ਤੇ ਲੀਡਰ ਵਜੋਂ ਉਭਰਣਾ ਅਤੇ ਉਸ ਦੀ ਮਰਜ਼ੀ ਨਾਲ ਵੀਹ ਸੂਤਰੀ ਪਰੋਗਰਾਮ ਨੂੰ ਲਾਂਭੇ ਕਰਕੇ ਪਹਿਲਾਂ ਚਾਰ ਤੇ ਫੇਰ ਪੰਜ ਸੂਤਰੀ ਅਤੇ ਅੰਤ ਨੂੰ ਇਕੋ ਹੀ ਸੰਤਾਨ ਸੰਜਮ ਪਰੋਗਰਾਮ ਤੇ ਜ਼ੋਰ ਦੇਣਾ ਸੀ। ਜਬਰੀ ਨਸਬੰਦੀ ਦੇ ਪਰੋਗਰਾਮਾਂ ਨੇ ਤਾਂ ਲੋਕਾਂ ਨੂੰ ਸਰਕਾਰ ਤੋਂ ਉੱਕਾ ਸ਼ੀ ਬਦਜ਼ਨ ਕਰ ਦਿਤਾ ਅਤੇ ਐਮਰਜੈਂਸੀ ਦੇ ਸ਼ੁਰੂ ਵਿਚ ਹੋਏ ਲਾਭਾਂ ਨੂੰ ਮਿੱਟੀ ਵਿਚ ਮਿਲਾ ਦਿਤਾ। ਸੰਜੇ ਗਾਂਧੀ ਦਾ ਉਭਰਨਾ, ਉਸ ਦਾ ਸਰਕਾਰੀ ਕੰਮਾਂ ਵਿਚ ਦਖਲ ਅਤੇ ਪ੍ਰਦੇਸ਼ਾਂ ਦੀਆ ਸਰਕਾਰਾਂ ਉਲਟਾਉਣਾ, ਫਲ-ਸਰੂਪ ਬਾਬੂ ਜਗਜੀਵਨ ਰਾਮ ਵਰਗੇ ਲੀਡਰਾਂ ਦਾ ਬਗਾਵਤ ਕਰਨਾ ਇਹ ਸਭ ਐਮਰਜੈਂਸੀ ਦੀ ਦੇਣ ਹਨ।

ਸ੍ਰੀਮਤੀ ਗਾਂਧੀ ਤੇ ਉਹਨਾਂ ਦੀ ਪਾਰਟੀ ਬੁਰੀ ਤਰ੍ਹਾਂ ਭਾਵੇਂ ਹਾਰ ਗਏ ਹਨ ਪਰ ਇਹ ਬੇਇਨਸਾਫੀ ਹੋਵੇਗੀ ਜੇ ਅਸੀਂ ਸ੍ਰੀਮਤੀ ਗਾਂਧੀ ਦੇ ਰਾਜ ਨੂੰ ਕੇਵਲ ਐਮਰਜੈਂਸੀ ਦੀ ਦ੍ਰਿਸ਼ਟੀ ਤੋਂ ਹੀ ਵੇਖੀਏ।

ਇੰਦਰਾ ਦੇ ਗਿਆਰ ਸਾਲਾਂ ਦੇ ਰਾਜਾਂ ਵਿਚ ਭਾਰਤ ਨੇ ਨਵੀਆਂ ਸਿਖਰਾਂ ਛੋਹੀਆਂ ਹਨ ਅਤੇ ਇਸ ਬਹਾਦਰ ਔਰਤ ਨੇ ਨਿਤ ਨਵੀਆਂ ਮੁਸੀਬਤਾਂ ਦਾ ਸਾਹਮਣਾ ਕੀਤਾ ਹੈ ਤੇ ਨਿਤ ਨਵੇਂ ਖਤਰਿਆਂ ਨਾਲ ਖੇਡ ਕੇ ਉਹਨਾਂ ਤੇ ਕਾਬੂ ਪਾਇਆ ਹੈ। ਆਉਣ ਵਾਲੀਆਂ ਨਸਲਾਂ ਐਮਰਜੈਂਸੀ ਤੋਂ ਕਿਤੇ ਜ਼ਿਆਦਾ ਉਸ ਦੇ ਕੀਤੇ ਕੰਮਾਂ ਨੂੰ ਯਾਦ ਰਖਣ-ਗੀਆਂ। ਬੰਗਲਾ ਦੇਸ਼ ਵਿਚ ਸ਼ਾਨਦਾਰ ਫਤਹਿ, ਪਛਮ ਵਿਚ ਪਾਕਿਸਤਾਨੀ ਹਮਲੇ ਨੂੰ ਪਛਾੜਨਾ, ਰਾਜਿਆਂ ਦੇ ਪਰੀਵੀ ਪਰਸ ਖਤਮ ਕਰਨੇ, ਬੈਂਕਾਂ ਅਤੇ ਬੀਮਾ ਕੰਪਨੀਆਂ ਦਾ ਕੌਮੀਕਰਨ। ਐਟਮੀ ਧਮਾਕਾ, ਸਿਤੇ ਦੇ ਫੈਲਾਅ ਨੂੰ ਰੋਕਣਾ ਕੀਮਤਾਂ ਸਥਿਰ ਕਰਨੀਆਂ, ਬਦੇਸ਼ੀ ਸਿਕੇ ਦੇ ਭੰਡਾਰ ਨੂੰ ਵਧਾਉਣਾ, ਭਾਰਤੀ ਰੁਪਏ ਦੀ ਕੀਮਤ ਵਧਾਣਾ, ਭਾਰਤ ਵਿਚ ਅੰਨ ਦੀ ਉਪਜ ਦਾ ਵਧਾਉਣਾ ਅਤੇ ਵਧੀਆ ਵੰਡ ਪ੍ਰਣਾਲੀ ਕਾਇਮ ਕਰਨੀ, ਬਦੇਸ਼ਾਂ ਨਾਲ ਚੰਗੇ ਸਬੰਧ ਕਾਇਮ ਕਰਨੇ, ਸੋਸ਼ਲਿਸਟ ਮੁਲਕਾਂ ਨਾਲ ਖਾਸ ਦੋਸਤੀ ਈਰਾਨ ਅਤੇ ਮਧ ਪੂਰਬ ਦੇ ਮੁਸਲਮਾਨ ਦੇਸ਼ ਨਾਲ ਸਬੰਧ ਸੁਧਾਰਨੇ (ਜਿਸ ਦੇ ਫਲ ਸਰੂਪ ਲੱਖਾਂ ਭਾਰਤੀ ਉਥੇ ਜਾ ਕੇ ਧਨ ਕਮਾ ਰਹੇ ਹਨ ਤੇ ਦੇਸ਼ ਨੂੰ ਭੇਜ ਰਹੇ ਹਨ) ਕਸ਼ਮੀਰ ਦਾ ਮਸਲਾ ਲਗਭਗ ਸੁਲਝਾ ਦੇਣਾ ਇਤਿਆਦਿਕ ਅਨੇਕਾਂ ਕੰਮ ਹਨ ਜਿਨ੍ਹਾਂ ਕਰਕੇ ਸ੍ਰੀਮਤੀ ਇੰਦਰਾ ਗਾਂਧੀ ਦਾ ਰਾਜ ਯਾਦ ਰਹੇਗਾ।

ਪਰ ਕਾਂਗਰਸ ਦੇ ਲਗਾਤਾਰ 30 ਸਾਲ ਰਾਜ ਕਰਨ ਕਾਰਨ ਇਸ ਵਿਚ ਖੁਦ ਗਰਜ਼ ਮੌਕਾ ਪ੍ਰਸਤ ਚਾਪਲੂਸ ਲੋਕਾਂ ਦੀ ਭਰਮਾਰ ਹੋ ਗਈ ਅਤੇ ਆਮ ਲੋਕਾਂ ਨਾਲੋਂ ਉਹਨਾਂ ਦਾ ਰਾਬਤਾ ਖਤਮ ਹੋ ਗਿਆ ਇਥੋਂ ਤਕ ਕਿ ਸ੍ਰੀਮਤੀ ਇੰਦਰਾ ਨੂੰ ਵੀ ਪਤਾ ਨਾ ਲਗਾ ਕਿ ਲੋਕ ਕਾਂਗਰਸ ਤੋਂ ਕਿਨੇ ਦੁਖੀ ਹੋ ਗਏ ਹਨ। ਇਸ 30 ਸਾਲਾ ਬਿਨਾਂ ਖਟਕੇ ਬਗੈਰ ਵਿਰੋਧਤਾ ਦੇ ਰਾਜ ਨੇ ਕਾਂਗਰਸ ਦਾ ਜ਼ਵਾਲ ਲਿਆਂਦਾ।

ਪਰ ਇਕ ਪਾਰਟੀ ਦੀ ਕਮਜ਼ੋਰੀ ਹੀ ਦੂਸਰੀ ਪਾਰਟੀ ਦੀ ਸਦਾ ਤਾਕਤ ਨਹੀਂ ਰਹਿ ਸਕਦੀ। ਕਾਂਗਰਸ ਦਾ ਵਿਰੋਧ ਅਤੇ ਇਸ ਦੇ ਕੰਮਾਂ ਨੂੰ ਭੰਡਣ ਨਾਲ ਲੋਕਾਂ ਦੀ ਤਸਲੀ ਨਹੀਂ ਹੋਣੀ। ਕਾਂਗਰਸ ਜੇ ਚਾਹੇ ਤਾਂ ਸਬਕ ਸਿਖ ਕੇ ਅਗੋਂ ਲੋਕਾਂ ਦੀ ਸਚੇ ਦਿਲੋਂ ਭਲਾਈ ਲਈ ਕੰਮ ਕਰੇ ਤਾਂ ਹੀ ਲੋਕਾਂ ਦਾ ਵਿਸ਼ਵਾਸ ਜਿਤ ਸਕਦੀ ਹੈ ਅਤੇ ਨਵੀਂ ਹਕੂਮਤ ਵੀ ਆਪਣੇ ਕੀਤੇ ਵਾਅਦਿਆਂ ਵਲ ਧਿਆਨ ਦੇ ਕੇ ਅਤੇ ਆਪਣੇ ਕਥਨਾਂ ਨੂੰ ਅਮਲੀ ਰੂਪ ਦੇਣ ਦਾ ਜਤਨ ਕਰੇ ਤਾਂ ਹੀ ਲੋਕਾਂ ਨੂੰ ਨਾਲ ਰਖ ਸਕੇਗੀ। ਨਹੀਂ ਤਾਂ ਲੋਕਾਂ ਨੂੰ ਹਕੂਮਤ ਬਦਲਣ ਦੀ ਜਾਚ ਤਾਂ ਆ ਹੀ ਗਈ ਹੈ।



Namdhari Elibrary NamdhariElibrary@gmail.com

# ਕ੍ਰਿਸ਼ਨ ਚੰਦਰ

ਕ੍ਰਿਸ਼ਨ ਚੰਦਰ ਦੇ ਦੇਹਾਂਤ ਨਾਲ ਉਰਦੂ ਅਦਬ ਦਾ ਇਕ ਯੁੱਗ ਬੀਤ ਗਿਆ ਹੈ। ਇਹ ਸੱਟ ਨਾ ਸਿਰਫ ਉਰਦੂ ਸਾਹਿਤ ਨੂੰ ਹੀ ਹੈ ਸਗੋਂ ਸਾਹਿਤ ਵਿਚ ਸਮੁੱਚੀ ਅਗਾਂਹ ਵਧੂ ਲਹਿਰ ਨੂੰ ਵੀ ਨਾ ਪੂਰੇ ਹੋਣ ਵਾਲਾ ਘਾਟਾ ਪਿਆ ਹੈ।

ਕ੍ਰਿਸ਼ਨ ਚੰਦਰ ਉਨ੍ਹਾਂ ਕੁਝ ਕੁ ਸਾਹਿਤਕਾਰਾਂ ਵਿਚੋਂ ਸੀ ਜਿਹੜੇ ਉਰਦੂ ਨਸਰ ਦੇ ਸਾਰੇ ਰੂਪਾਂ ਵਿਚ ਇਕੋ ਜਿੰਨੀ ਮੁਹਾਰਤ ਨਾਲ ਲਿਖ ਸਕਦੇ ਸਨ। ਕ੍ਰਿਸ਼ਨ ਚੰਦਰ ਨੇ ਨਾਵਲ ਵੀ ਲਿਖੇ, ਕਹਾਣੀਆਂ ਵੀ, ਡਰਾਮੇ ਵੀ ਅਤੇ ਵਿਅੰਗ ਵੀ। ਤਨਜ਼ ਉਤੇ ਤਾਂ ਉਨ੍ਹਾਂ ਦੀ ਕਲਮ ਬਹੁਤ ਹੀ ਰਵਾਨੀ ਨਾਲ ਚਲਦੀ ਸੀ। ਮਾਨਵੀ ਭਾਵਨਾਵਾਂ ਨਾਲ ਗੜੁੰਦ ਉਨ੍ਹਾਂ ਦੀਆਂ ਕਹਾਣੀਆਂ ਜਿਥੇ ਕੋਮਲ ਭਾਵੀ ਹੁੰਦੀਆਂ ਸਨ ਉਥੇ ਉਹ ਸਮਾਜ ਦੇ ਗੰਦ ਮੰਦ ਵਿਰੁਧ ਤਿੱਖੀ ਤੇ ਬੇਫਿਕਰ ਨਸ਼ਤਰ ਦਾ ਵੀ ਕੰਮ ਕਰਦੀਆਂ ਸਨ। ਮਜ਼ਾਹੀਆ ਨਸਰ ਵਿਚ ਉਨ੍ਹਾਂ ਦੀਆਂ ਰਚਿਆਂ ਬਾਰੇ ਲਿਖੀਆਂ ਪੁਸਤਕਾਂ ਨਾ ਸਿਰਫ ਉਰਦੂ ਵਿਚ ਹੀ ਸਗੋਂ ਹੋਰ ਵੀ ਕਈ ਭਾਸ਼ਾਵਾਂ ਵਿਚ ਸੁਆਦ ਨਾਲ ਪੜ੍ਹੀਆਂ ਜਾਂਦੀਆਂ ਹਨ।



ਕ੍ਰਿਸ਼ਨ ਚੰਦਰ ਸ੍ਰੀਮਤੀ ਇੰਦਰਾ ਗਾਂਧੀ ਪਾਸੋਂ ਸੋਵੀਅਤ ਲੈਂਡ ਨਹਿਰੂ ਐਵਾਰਡ ਪ੍ਰਾਪਤ ਕਰਦੇ ਹੋਏ

ਕ੍ਰਿਸ਼ਨ ਚੰਦਰ ਨੂੰ 40 ਭਾਸ਼ਾਵਾਂ ਦੀ ਜਾਣਕਾਰੀ ਸੀ ਜਿਹੜੀ ਕਿਸੇ ਸਾਹਿਤਕਾਰ ਦੀ ਅਦਬੀ ਅਮੀਰੀ ਦੀ ਇਕ ਉਘੜਵੀਂ ਮਿਸਾਲ ਹੈ। ਉਨ੍ਹਾਂ ਨੂੰ 1966 ਵਿਚ ਅਦਬ ਲਈ ਸੋਵੀਅਤ ਲੈਂਡ ਨਹਿਰੂ ਅਵਾਰਡ ਦਿਤਾ ਗਿਆ ਅਤੇ 1969 ਵਿਚ ਪਦਮ ਭੂਸ਼ਨ ਦੀ ਪਦਵੀ ਨਾਲ ਸਨਮਾਨਿਆ ਗਿਆ।

ਉਨ੍ਹਾਂ ਦਾ ਜਨਮ ਲਾਹੌਰ ਵਿਚ ਹੋਇਆ ਸੀ ਅਤੇ ਉਨ੍ਹਾਂ ਆਪਣਾ ਬਚਪਨ ਕਸ਼ਮੀਰ ਵਿਚ ਬਿਤਾਇਆ। ਪੁਣਛ ਤੋਂ ਮੈਟਰਿਕ ਕਰਕੇ ਉਨ੍ਹਾਂ ਲਾਹੌਰ ਤੋਂ 1937 ਵਿਚ ਕਾਨੂੰਨ ਦੀ ਡਿਗਰੀ ਕੀਤੀ ਅਤੇ ਫੇਰ ਐਮ. ਏ. ਕੀਤੀ।

ਭਗਤ ਸਿੰਘ ਨਾਲ ਮੁਲਾਕਾਤ ਹੋਣ ਕਾਰਨ ਉਹ ਦੇਸ਼ ਭਗਤੀ ਦੀ ਲਹਿਰ ਵਿਚ ਖਿੱਚੇ ਗਏ ਅਤੇ ਘਰੋਂ ਭੱਜ ਕੇ ਕਲਕੱਤੇ ਵਿਚ ਕਈ ਮਹੀਨੇ ਤਕ ਖੁਫੀਆ ਲਹਿਰ ਵਿਚ ਕੰਮ ਕੀਤਾ। 1939 ਵਿਚ ਉਹ ਆਲ ਇੰਡੀਆ ਰੇਡੀਓ ਦੇ ਲਾਹੌਰ ਸਟੇਸ਼ਨ ਤੇ ਕੰਮ ਕਰਨ ਲਗ ਪਏ ਅਤੇ ਫੇਰ ਫਿਲਮ ਲਾਈਨ ਵਿਚ ਆ ਗਏ।

ਉਨ੍ਹਾਂ ਦੀਆਂ ਰਚਨਾਵਾਂ ਕਈ ਭਾਸ਼ਾਵਾਂ ਵਿਚ ਅਨੁਵਾਦ ਕਰ ਕੇ ਛਾਪੀਆਂ ਗਈਆਂ ਹਨ ਬਦੇਸ਼ੀ ਭਾਸ਼ਾਵਾਂ ਵਿਚੋਂ ਸਭ ਤੋਂ ਵੱਧ ਅਨੁਵਾਦ ਰੂਸੀ ਵਿਚ ਹੋਇਆ।

ਅਸੀਂ ਇਸ ਮਹਾਨ ਅਦੀਬ ਦੇ ਦੇਹਾਂਤ ਤੇ ਡੂੰਘਾ ਦੁਖ ਤੇ ਸ਼ੋਕ ਪਰਗਟ ਕਰਦੇ ਹੋਏ ਇਸ ਅੰਕ ਵਿਚ ਉਨ੍ਹਾਂ ਦੀਆਂ ਦੋ ਰਚਨਾਵਾਂ ਛਾਪ ਰਹੇ ਹਾਂ। ਇਕ ਰਚਨਾ ਉਨ੍ਹਾਂ ਦੀ ਕਹਾਣੀ 'ਮਿੱਟੀ ਦਾ ਤੇਲ' ਹੈ ਜਿਸ ਵਿਚ ਤੰਗਦਸਤੀ ਅਤੇ ਥੁੜੋਂ ਦੇ ਨਾਲ ਨਾਲ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਇਸ ਤੋਂ ਪੈਦਾ ਹੋਏ ਅਮਾਨਵੀ ਰੁਝਾਨ ਦਾ ਬਹੁਤ ਸੁੰਦਰ ਅਤੇ ਤਨਜ਼ਪੂਰਨ ਪ੍ਰਗਟਾਵਾ ਕੀਤਾ ਗਿਆ ਹੈ। ਦੂਜੀ ਰਚਨਾ ਉਨ੍ਹਾਂ ਦੀ ਕਿਤਾਬ 'ਏਕ ਗਧਾ ਨੇਫਾ ਮੇਂ' ਵਿਚੋਂ ਲਿਆ ਗਿਆ ਟੁਕੜਾ ਹੈ ਜਿਸ ਵਿਚ ਉਨ੍ਹਾਂ ਦੀ ਤਨਜ਼ ਕਾਟਵੀਂ ਅਤੇ ਸਿੱਧੀ ਹੈ। ਆਸ ਹੈ ਪਾਠਕ ਇਨ੍ਹਾਂ ਰਚਨਾਵਾਂ ਨੂੰ ਪਸੰਦ ਕਰਨਗੇ।

'ਵਰਿਆਮ' ਇਸ ਨਾਮਵਰ ਅਦੀਬ ਦੇ ਦੇਹਾਂਤ ਤੇ ਸਾਹਿਤ ਸੰਸਾਰ ਦੇ ਸੋਗ ਵਿਚ ਸ਼ਰੀਕ ਹੁੰਦਾ ਹੈ। —ਸੰਪਾਦਕ



Namdhari Elibrary NamdhariElibrary@gmail.com



# ਤਿੰਨ ਗ਼ਜ਼ਲਾਂ

— ਸਰਵਨ ਰਾਹੀ

ਕੂੜ ਵਰਗੀ ਜ਼ਿੰਦਗੀ ਵਿਚ ਜੀ ਲਿਆ ਹੈ ਦੋਸਤੋ ।
ਖ਼ੂਨ ਅਪਣਾ ਆਪ ਹੀ ਮੈਂ ਪੀ ਲਿਆ ਹੈ ਦੋਸਤੋ ।

ਉਮਰ ਭਰ ਹੀ ਠੋਕਰਾਂ ਖਾਂਦੀ ਰਹੀ ਏ ਜ਼ਿੰਦਗੀ,
ਪਿਆਰ ਪਾਕੇ ਬੇਵਫ਼ਾ ਸੰਗ ਕੀ ਲਿਆ ਹੈ ਦੋਸਤੋ ।

ਮੇਰੇ ਅਲ੍ਹੜ ਜਜ਼ਬਿਆਂ ਦਾ ਕਤਲ ਉਹ ਕਰਦੇ ਰਹੇ,
ਤਲਖ਼ੀਆਂ ਦਾ ਜ਼ਹਿਰ ਤਾਹੀਓਂ ਪੀ ਲਿਆ ਹੈ ਦੋਸਤੋ।

ਬਾਣ ਹੈ ਪਰਵਾਨਿਆਂ ਨੂੰ ਸ਼ਮ੍ਹਾਂ ਤੇ ਕਾਹਦਾ ਗਿਲਾ,
ਦਿਲ ਤੇ ਜਦ ਆਈ ਤਾਂ ਮਰਕੇ ਜੀ ਲਿਆ ਹੈ ਦੋਸਤੋ ।

ਮੈਂ ਉਹਨਾਂ ਦੇ ਗ਼ਮ ਨੂੰ ਸੀਨੇ ਵਿਚ ਪਾਲਣ ਵਾਸਤੇ,
ਜ਼ਖ਼ਮ ਅਪਣੇ ਦਿਲ ਦਾ ਹੁਣ ਤਾਂ ਸੀ ਲਿਆ ਹੈ ਦੋਸਤੋ।

——

ਪੈਰਾਂ ਹੇਠ ਵਿਛਾ ਕੇ ਆਪਾਂ ਤੁਰਦੇ ਰਹੇ ਅੰਗਿਆਰਾਂ ਨੂੰ ।
ਭਾਵੇਂ ਸੈਆਂ ਵਾਰ ਚੜ੍ਹਾਇਆ ਸੂਲੀ ਉੱਤੇ ਯਾਰਾਂ ਨੂੰ ।

ਗ਼ਮ ਦੇ ਝੱਖੜ ਝਾਂਬਾ ਕਰ ਕੇ ਦਿਲ ਦੇ ਵਣ ਚੋਂ ਗੁਜ਼ਰ ਗਏ,
ਪਤਹੀਣਾ ਵਣ ਲੋਚ ਰਿਹਾ ਏ ਮੁੜ ਮੁੜ ਸ਼ੋਖ਼ ਬਹਾਰਾਂ ਨੂੰ ।

ਜ਼ੁਲਮ ਜਬਰ ਦੀ ਅੰਨ੍ਹੀ ਵਾ ਨੇ ਸਭ ਦੀਵੇ ਗੁਲ ਕੀਤੇ ਨੇ,
ਲੋਕੀ ਚੀਖ ਰਹੇ ਨੇ ਅੰਦਰ ਢੋ ਕੇ ਅਪਣੇ ਘਰਾਂ ਨੂੰ ।

ਸਾਰੀ ਰਾਤ ਦੂਧੀਆ ਚਾਨਣ ਕੋਠੀ ਨੂੰ ਰੁਸ਼ਨਾਉਂਦਾ ਹੈ,
ਨ੍ਹੇਰੇ ਦੇ ਵਿਚ ਚੈਨ ਨਹੀਂ ਆਉਂਦਾ ਚਾਂਦੀ ਦੀਆਂ ਦੀਵਾਰਾਂ ਨੂੰ।

ਕਾਲੇ ਥਲ ਦਾ ਸਫ਼ਰ ਮੁਕਾ ਕੇ ਜਦ ਵੀ 'ਰਾਹੀ' ਪਰਤੇ ਹਾਂ,
ਆਪਾਂ ਸੀਨੇ ਦੇ ਸੰਗ ਲਾਇਆ ਸਿਸਕਦੀਆਂ ਗੁਲਜ਼ਾਰਾਂ ਨੂੰ ।

——

ਰੁੱਤਾਂ ਨੂੰ ਚੇਤੇ ਆਏ ਨੇ ਦਿਨ ਬਹਾਰ ਦੇ ।
ਮੇਰੇ ਜ਼ਿਹਨ ਤੇ ਛਾਏ ਗ਼ਮ ਰੋਜ਼ਗਾਰ ਦੇ ।

ਮਾਤਮ ਦੇ ਵਾਂਗ ਲੰਘੇ ਸੋਚਾਂ 'ਚ ਦਿਹੁੰ ਸਦਾ,
ਮੌਸਮ ਜਦੋਂ ਵੀ ਵਰਸਣ ਖ਼ੂਨੀ ਫੁਹਾਰ ਦੇ ।

ਧਰਤੀ ਦਾ ਹਰ ਜ਼ੱਰਾ ਹੀ ਫਟਿਆ ਬਾਰੂਦ ਵਾਂਗ,
ਨ੍ਹੇਰੇ ਉਡਾ ਰਹੇ ਨੇ ਚਾਨਣ ਗੁਬਾਰ ਦੇ ।

ਪੱਥਰਾਂ 'ਚ ਕਟ ਰਹੇ ਹਾਂ ਜੀਵਨ ਦੇ ਚਾਰ ਦਿਨ,
ਖ਼ਾਰਾਂ 'ਚ ਜੀਕੂੰ ਫੁਲ ਨੇ ਉਮਰਾਂ ਗੁਜ਼ਾਰ ਦੇ ।

ਆਖ਼ਰ ਨੂੰ ਦਰਦ ਬਣਦਾ 'ਰਾਹੀ' ਉਨ੍ਹਾਂ ਦਾ ਸਾਥ,
ਜਾਬਰ ਦਾ ਸੀਸ ਜਿਹੜੇ ਧੜ ਤੋਂ ਉਤਾਰ ਦੇ ।

ਰੁੜਕਾ ਕਲਾਂ (ਜਲੰਧਰ)

——



Namdhari Elibrary NamdhariElibrary@gmail.com

## ਗ਼ਜ਼ਲ

ਐਫ. ਸੀ. ਤੁਲੀ

ਓਹ ਹਾਸੇ ਹਾਸਿਆਂ ਅੰਦਰ, ਅਜੇਹੀ ਗੱਲ ਕਰਦੇ ਨੇ,
ਕਿ ਮੇਰੀ ਮੌਤ ਦੇ ਸਾਏ, ਮੇਰੇ ਸਿਰ 'ਤੇ ਉਤਰਦੇ ਨੇ।

ਓਹਨਾਂ ਦੀ ਬੇਵਫ਼ਾਈ ਵੀ, ਉਹਨਾਂ ਦੇ ਨਾਲ ਤੁਰਦੀ ਹੈ,
ਵਸਲ ਤੋਂ ਹਸ਼ਰ ਤੀਕਰ ਪਰ, ਵਫ਼ਾ ਦੀ ਸਾਖ ਭਰਦੇ ਨੇ।

ਉਹ ਮਾਸੂਮੀ ਕਿ ਜਿਸ ਤੋਂ ਜਾਨ ਨਿਕਲਦੀ ਗੁਲਾਬਾਂ ਦੀ,
ਓਹ ਐਸੀ ਸਾਦਗੀ ਜਿਸ 'ਤੇ, ਛਲਾਵੇ-ਹਾਰ ਪਟਦੇ ਨੇ।

ਓਹੀ ਦਿਨ ਬੀਤਦਾ ਮੇਰਾ, ਤੇਰੀ ਸੂਲੀ 'ਤੇ ਜੋ ਬੀਤੇ,
ਪਰੇ ਇਸ ਕਤਲਗਾਹ ਕੋਲੋਂ, ਨਾ ਸਾਡੇ ਪਲ ਗੁਜ਼ਰਦੇ ਨੇ।

ਓਹਨਾਂ ਚੀ ਹਿਰਸ ਹੈ, ਭਾਂਬੜ 'ਚ ਸਾਨੂੰ ਲੈ ਕੇ ਬਹਿ ਜਾਣਾ,
ਇਸ਼ਾਰੇ ਲਾਲ-ਬੱਤੀ ਦੇ, ਖੁਰੇ ਕਿੱਥੋਂ ਉਭਰਦੇ ਨੇ।

## ਬੁਰਕਾ

—ਇਕਬਾਲ ਦੀਪ

ਨਜ਼ਰ ਮੈਂ ਜੋ ਆਵਾਂ
ਉਹ ਮੈਂ ਨਹੀਂ
ਬਹੁਤ ਵਾਰ ਤਾਂ
ਬੁਰਕਾ ਪਾਉਣਾ ਪੈਂਦੈ
ਆਪਣਾ ਆਪ ਲੁਕਾਉਣਾ ਪੈਂਦੈ।

ਮੇਰਾ ਵਤੀਰਾ, ਮੇਰੇ ਬੋਲ
ਬਹੁਤ ਵਾਰ ਇਕ ਕਜਣ ਹੁੰਦੇ
ਜੋ ਮਨ ਨੂੰ ਨੰਗਿਆਂ
ਹੋਣ ਨਾ ਦਿੰਦੇ।

ਜਦ ਕਦੇ ਇਕਾਂਤ ਹੰਢਾਵਾਂ
ਜਾਂ ਅੰਦਰਲਾ ਪਸ਼ੂ
ਚਾਰੇ ਕੂਟਾਂ ਵਾਹੁਣੀਆਂ ਲੋਚੇ
ਸਭਿਅਤਾ ਮੈਥੋਂ ਡਰ ਪਰ੍ਹੇ ਖਲੋਵੇ
ਮੇਰਾ ਆਪਾ ਮੇਰੇ ਨੇੜ ਖੜੋਵੇ।

(ਕਤਲ ਗਾਹ ਤੋਂ ਪਾਰ ਵਿਚੋਂ)

## ਗ਼ਜ਼ਲ

—ਗੁਰਭਜਨ ਸਿੰਘ ਨਾਮਧਾਰੀ

ਛਡ ਦਿਤਾ ਏ ਮਲ੍ਹਮ ਲਗਾਣਾ ਦਿਲ ਦੇ ਚੌੜੇ ਚੀਰ ਨੂੰ।
ਬਾਰ ਬਾਰ ਮੈਂ ਕੁਚਲ ਨਾ ਸਕਾਂ ਨਾਜ਼ਕ ਜਹੇ ਜ਼ਮੀਰ ਨੂੰ।

ਦੇ ਦਸਤਕ ਦਰਵਾਜ਼ੇ ਉਤੇ ਰੋਜ਼ ਸਵੇਰੇ ਲੰਘਦਾ ਸਾਂ,
ਅਜ ਉਡੀਕਾਂ ਏਥੇ ਬੈਠਾ ਖੁਲ੍ਹਣਾ ਦੇਸ ਅਖੀਰ ਨੂੰ।

ਸੌ ਵਾਰੀ ਚਿਟ ਲਿਖ ਕੇ ਭੇਜੀ ਮਿਲਣਾ ਅਸਾਂ ਹੁਸੀਨਾਂ ਨੂੰ,
ਨਾ ਚਿਟ ਨਾ ਉਤਰ ਵਾਪਸ ਮਿਲਿਆ ਇਸ ਦਿਲਗੀਰ ਨੂੰ।

ਮੂਲੋਂ ਮਾਰ ਗਈ ਏ ਬੰਦਾ ਧਾਰੇ ਸਿਖਰ ਦੁਪੈਹਰੇ ਹੀ,
ਨਜ਼ਰਬੰਦ ਕਰ ਦੇਵੇ ਐਸੀ ਨਜ਼ਰਾਂ ਦੀ ਸ਼ਮਸ਼ੀਰ ਨੂੰ।

ਜਮ੍ਹਾਂ-ਖੋਰੀ ਦਾ ਕਾਲਾ ਧੰਦਾ ਅਜ ਕਲ੍ਹ ਨਾ ਕਰਿਆ ਕਰ,
ਭਰ ਭਰ ਬੁਕਾਂ ਵੰਡਦੇ ਅੜੀਏ ਹੁਸਨਾਂ ਦੀ ਜਾਗੀਰ ਨੂੰ।

ਸੋਨਾ ਸੋਨਾ ਕੂਕਦਿਆਂ ਮੈਂ ਲੋਹਾ ਵੀ ਬਣ ਸਕਿਆ ਨਾ,
ਖੇਹ ਰਲਿਆ ਹਾਂ ਢੂੰਡਦਿਆਂ ਹੀ ਰਹਿਮਤ ਦੀ ਅਕਸੀਰ ਨੂੰ।

ਮੰਜ਼ਿਲ ਮੇਰੀ ਨੇੜੇ ਪੁਗੀ ਸੁਆਸ ਮੇਰੇ ਵੀ ਥੋੜੇ ਨੇ,
ਸਾਹਵਾਂ ਦਾ ਕੁਝ ਕਰਜ਼ਾ ਦੇ ਦਏ ਆਖੋ ਏਸ ਸਮੀਰ ਨੂੰ।

ਆਪਣਿਆਂ ਦੇ ਕੁਤੋਂ ਤੇਰੀ ਨਜ਼ਰ ਹਮੇਸ਼ਾਂ ਲੰਘਦੀ ਰਹੀ,
ਗ਼ੈਰਾਂ ਦੇ ਮੈਂ ਸੀਨੇ ਡਿਠਾ ਨੈਣ ਤੇਰੇ ਦੇ ਤੀਰ ਨੂੰ।

ਜਗਜੀਤ ਵਿਲਾ—ਬਰਨਾਲਾ ਰੋਡ
ਸਿਰਸਾ



Namdhari Elibrary NamdhariElibrary@gmail.com

# ਦੀਵਾਰ-ਉਰਾਰ-ਪਾਰ

—ਸੁਰਜੀਤ ਖ਼ੁਰਸ਼ੀਦੀ

ਜਿਸਮ ਦੀ ਦੀਵਾਰ ਤੋਂ ਉਰਾਰ

ਇਕ ਸੰਸਾਰ ਵਸਦਾ ਅਤਿ ਰੰਗੀਨ

ਇਸ ਦੀਵਾਰ ਤੋਂ ਪਾਰ ਹੈ ਅਸੀਮ ਬ੍ਰਹਿਮੰਡ

ਵਧਦੇ ਅਣ-ਗਿਣਤ ਸੰਸਾਰ, ਅਤਿ ਹੁਸੀਨ

ਜਿਸਮ ਦੀ ਦੀਵਾਰ ਤੋਂ ਉਰਾਰ ਰਿਸ਼ਤੇ ਬੜੇ
ਸੀਮਾਵਾਂ, ਵਲਗਣਾਂ, ਕੰਧਾਂ ਅਤੇ ਪਹਿਰੇ ਖੜੇ
ਬੜੀ ਔਖ ਨਾਲ ਟਿਕਦੇ ਨੇ ਪੈਰ ਦੀਵਾਰ ਤੋਂ ਪਰ੍ਹੇ
ਰੰਗ, ਰਸ, ਸੁਆਦ, ਵਿਸਮਾਦ ਹਰ ਮੋੜ ਤੇ ਖੜੇ

ਜ਼ਿੰਦਗੀ ਨਾਮ ਹੈ ਇਕ ਵਹਿਣ ਦਾ ਜੋ ਸਦਾ ਵਹਿੰਦਾ ਰਹੇ
ਜ਼ਿੰਦਗੀ ਅੜੀ ਖੜੀ ਹੈ ਕਿਉਂ ਅਜੇ ਦੀਵਾਰ ਦੇ ਤਲੇ
ਇਸ ਦੀਵਾਰ ਦੀ ਪਰਕਰਮਾ ਤੋਂ ਅੱਗੇ ਹੋਰ ਵੀ ਕੁਝ ਹੈ
ਅਦਿੱਖ ਦੀ ਲੱਜ਼ਤ ਦਾ ਜਲਵਾ ਹੋਰ ਹੀ ਕੁਝ ਹੈ

ਇਹ ਦੀਵਾਰ ਤਾਂ ਪਾਰਦਰਸ਼ੀ ਦੱਸੀਦੀ ਹੈ
ਉਰਾਰ ਵਸਦਿਆਂ ਪਾਰ ਵੀ ਲੈ ਜਾ ਸਕਦੀ ਹੈ

ਲੈ ਜਾ ਸਕਦੀ ਹੈ, ਪਰ ਇਸ ਦੀ ਉਡੀਕ ਵੀ ਤਾਂ ਮੁੱਕੇ

ਉਸ ਦ੍ਰਿਸ਼ਟੀ ਲਈ ਜੋ ਉਰਾਰ ਰਹਿੰਦਿਆਂ ਪਾਰ ਵੀ ਤੱਕੇ ।

ਜਿਸਮ ਦੀ ਦੀਵਾਰ ਤੋਂ ਪਾਰ ਵਸਦੇ ਹਨ ਸੁੰਦਰ ਸੰਸਾਰ

ਜ਼ਿੰਦਗੀਏ ! ਵਿਕਸਤ ਹੋ, ਅੱਗੇ ਵਧ, ਪਾਰ ਵੀ ਝਾਤੀ ਮਾਰ ।



Namdhari Elibrary NamdhariElibrary@gmail.com

## ਵਿਰਦੀ—ਇਕ ਵਤੀਰਾ

ਸੁਦਰਸ਼ਨ ਪਾਰਕ, ਨਵੀਂ ਦਿੱਲੀ ਵਿਚ ਵਿਰਦੀ ਕੋਲ ਦੋ ਸੌ ਗਜ਼ ਦਾ ਇਕ ਪਲਾਟ ਸੀ, ਜਿਸ ਵਿਚ ਉਹਨੇ ਦੋ ਕਮਰੇ ਬਣਾ ਕੇ ਬਾਕੀ ਥੋੜੇ ਵਿਚ ਬਗੀਚਾ ਲਾਇਆ ਹੋਇਆ ਸੀ—ਅਮਰੂਦ ਅਨਾਰ ਮਹਿਕਦੇ ਤੇ ਰੰਗਬਰੰਗੇ ਫੁੱਲ ਟਹਿਕਦੇ—ਜਦੋਂ ਵਿਰਦੀ ਨੂੰ ਕੋਈ ਯਾਰ ਪੁਛਦਾ ਕਿ ਉਹਦਾ ਘਰ ਕਿੱਡਾ ਵੱਡਾ ਹੈ ! ਤਾਂ ਉਹ ਕਹਿੰਦਾ ਕਿ ਉਹਦਾ ਘਰ ਬੜਾ ਵੱਡਾ ਹੈ ਅਤੇ ਉਹਦੇ ਘਰ ਵਿਚ ਬੜੀ ਥਾਂ ਹੈ। ਅਤੇ ਇਹ ਵੀ, ਕਿ ਉਹ ਬੜਾ ਅਮੀਰ ਆਦਮੀ ਹੈ !

—ਦੋ ਸੌ ਗਜ਼ ਦਾ ਪਲਾਟ ਕੀ ਹੁੰਦਾ ਹੈ ?...ਮੈਂ ਸਮਝਦਾ ਸਾਂ ਜਿਵੇਂ ਵਿਰਦੀ ਲੋਕਾਂ ਨਾਲ ਆਪਣੇ ਛੋਟੇ ਜਿਹੇ ਘਰ ਦੀ ਵਡਿੱਤਣ ਤੇ ਆਪਣੀ ਪ੍ਰਸ਼ੰਸਾ ਕਰ ਰਿਹਾ ਹੋਵੇ ! ਉਹਦੇ ਸੁਭਾ ਵਿਚ ਇਹ ਇਕ ਨਵੀਂ ਕਮਜ਼ੋਰੀ ਡਿਵੈਲਪ ਹੋ ਰਹੀ ਸੀ !

ਇਕ ਦਿਨ ਐਤਵਾਰ ਨੂੰ ਜਦੋਂ ਮੈਂ ਉਹਦੇ ਕੋਲ ਗਿਆ ਤਾਂ ਉਹ ਘਰ ਦੇ ਪਿਛਲੇ ਪਾਸੇ ਅਨਾਰਾਂ ਦੇ ਬੂਟਿਆਂ ਕੋਲ ਕੁਰਸੀ ਤੇ ਬੈਠਾ ਸੀ ਤੇ ਉਹਦੀ ਟਿਕਟਿਕੀ ਨਿਰਮਲ ਆਕਾਸ਼ ਵਲ ਲਗੀ ਹੋਈ ਸੀ। ਇਕ ਪਲ 'ਚ ਹੀ ਮੈਂ ਉਹਦੇ ਕੋਲ ਪੁਜ ਗਿਆ ਤੇ 'ਸਰਗੋਸ਼ੀ 'ਚ ਕਿਹਾ—'ਤੂੰ ਤੇ ਕਹਿੰਦਾ ਸੈਂ ਕਿ ਤੇਰੇ ਕੋਲ ਬੜੀ ਥਾਂ ਹੈ ?'

'ਹਾਂ, ਹੈ ਜੇ !' ਵਿਰਦੀ ਨੇ ਕਿਹਾ ਤੇ ਆਕਾਸ਼ ਵਲ ਤੱਕਦਾ ਰਿਹਾ। ਫੇਰ ਪਲ ਭਰ ਬਾਦ ਮੁਸਕਰਾ ਕੇ ਬੋਲਿਆ—'ਮੈਂ ਆਪਣੀ ਧਰਤੀ ਦੀ ਪੈਮਾਇਸ਼ ਦੁਆਲੇ ਵਲ ਨੂੰ ਨਹੀਂ ਕਰਦਾ ! ਇਉਂ ਤਾਂ ਮੈਂ ਹਰ ਵੇਲੇ ਗੁਆਂਢੀਆਂ ਨਾਲ ਲੜਦਾ ਰਹਾਂ !

'ਫੇਰ ?'

ਮੈਂ ਹਰ ਵੇਲੇ ਇਹ ਸੋਚਦਾ ਹਾਂ ਕਿ ਇਸ ਧਰਤੀ ਉਪਰ ਆਕਾਸ਼ ਨੂੰ ਮੇਰੀ ਕਲਪਨਾ ਤੇ ਵਿਚਾਰਾਂ ਲਈ ਕਿੰਨੀ ਖੁਲ੍ਹੀ ਮੋਕਲੀ ਥਾਂ ਹੈ... । ਮੇਰੇ ਘਰ ਦੇ ਉਪਰ ਆਕਾਸ਼ ਤਕ ਸਾਰੀ ਥੋੜੇ ਮੇਰੀ ਹੀ ਹੈ...ਤੇ ਮੈਂ ਕਿੰਨਾ ਅਮੀਰ ਆਦਮੀ ਹਾਂ...' ਅਤੇ ਉਹ ਜ਼ੋਰ ਨਾਲ ਕਹਿਕਹਾ ਲਾ ਕੇ ਹਸਿਆ। ਵਿਸ਼ੇਸ਼ ਵਿਰਦੀਅਨ ਕਹਿਕਹਾ !

ਜੀਵਨ ਤੇ ਸਾਹਿਤ ਵਿਚ ਵੀ ਵਿਰਦੀ ਦਾ ਇਹੋ ਹੀ ਵਤੀਰਾ ਹੈ !

ਜੋਗਿੰਦਰ ਅਮਰ

ਕਹਾਣੀ

---

# ਪਰਿਕੱਰਮਾਂ

ਜਸਵੰਤ ਸਿੰਘ ਵਿਰਦੀ

ਅੰਮ੍ਰਿਤ ਵੇਲਾ ਆਪਣੀ ਪੂਰੀ ਪਵਿਤਰਤਾ ਨਾਲ ਵਾਤਾਵਰਣ ਵਿਚ ਸਥਿਰ ਹੋ ਗਿਆ ਸੀ !

ਭਾਈ ਸਾਹਬ ਗਣੇਸ਼ਾ ਸਿਘ ਜੀ ਮਹਾਰਾਜ ਦੀਆਂ ਪਰਿਕ੍ਰੱਮਾਂ ਸਾਫ ਕਰਕੇ ਹੁਣ ਸੰਗਮਰਮਰ ਦੀਆਂ ਪੌੜੀਆਂ ਨਾਲ ਖਲੋਤੇ ਸੰਗਮਰਮਰੀ ਪੋਲ-ਪਾਵਿਆਂ ਨੂੰ ਘੁੱਟ ਰਹੇ ਸਨ। ਉਸ ਵੇਲੇ ਸੰਗਮਰਮਰ ਦੀ ਛੋਹ, ਉਹਨਾਂ ਨੂੰ ਜਾਪ



Namdhari Elibrary NamdhariElibrary@gmail.com

ਰਿਹਾ ਸੀ, ਜਿਵੇਂ ਕਿ ਉਨ੍ਹਾਂ ਦੇ ਧੁਰ ਅੰਦਰ ਤਕ ਪੁਜ ਕੇ ਹਿਰਦੇ ਨੂੰ ਠਾਰ ਰਹੀ ਸੀ ।

ਭਾਈ ਸਾਹਬ ਗਣੇਸ਼ਾ ਸਿੰਘ ਅੰਮ੍ਰਿਤ ਵੇਲੇ ਉਠਕੇ ਹੀ ਘਰਬਾਰ ਦਾ ਤਿਆਗ ਕਰ ਦਿੰਦੇ ਤੇ ਫੇਰ ਮਹਾਰਾਜ ਦੀ ਹਜ਼ੂਰੀ ਵਿਚ ਪੁਜ ਕੇ ਸੇਵਾ ਭਾਵਨਾ ਵਿਚ ਲੀਨ ਹੋ ਜਾਂਦੇ ਸਨ । ਉਹਨਾਂ ਦੇ ਪੁਜਣ ਤੋਂ ਮਗਰੋਂ ਹੀ ਹਜ਼ੂਰੀ ਸੇਵਾਦਾਰ ਮਹਾਰਾਜ ਦੀ ਸੁਆਰੀ ਸਤਿਕਾਰ ਨਾਲ ਲੈ ਕੇ ਵੱਡੇ ਹਾਲ ਵਿਚ ਜਾਂਦੇ ਤੇ ਫੇਰ ਅਰਦਾਸਾ ਕਰਕੇ ਮਹਾਰਾਜ ਦਾ ਪ੍ਰਕਾਸ਼ ਕਰਦੇ । ਉਹਨਾਂ ਦਾ ਵਿਚਾਰ ਸੀ ਕਿ ਸਿੱਖ ਨੂੰ ਆਪਣੇ ਗੁਰੂ ਤੋਂ ਪਹਿਲਾਂ ਜਾਗਣਾ ਚਾਹੀਦਾ ਹੈ, ਅਤੇ ਉਹ ਆਪਣੇ ਪ੍ਰਣ ਵਿਚ ਡਟੇ ਹੋਏ ਸਨ । ਉਹਨਾਂ ਨੇ ਪਰਿਕਰਮਾ ਦੇ ਤਿੰਨ ਚੱਕਰ ਲਾਏ ਤੇ ਫੇਰ ਸਰੋਵਰ ਦੀ ਮਹਾਨ ਸੋਭਾ ਵੇਖਦੇ ਹੋਏ ਗਦਗਦ ਹੋ ਗਏ ।

ਇਸ ਵੇਲੇ ਦਿਨ ਦਾ ਚੜ੍ਹਾ ਹੋ ਗਿਆ ਤੇ ਭਾਈ ਗਣੇਸ਼ਾ ਸਿੰਘ ਦੀ ਲੰਮੀ ਝੂਲਦੀ ਦਾੜ੍ਹੀ ਅਕਤੂਬਰ ਦੀ ਠੰਡੀ ਠਾਰ ਹਵਾ ਨਾਲ ਚੌਰ ਵਾਂਗ ਝੂਲ ਰਹੀ ਸੀ, ਅਤੇ ਉਹ ਬੜੇ ਮੁਕਤਮਨ ਨਾਲ ਪਰਿਕਰਮਾ ਵਿਚ ਪੌੜੀਆਂ ਨਾਲ ਖਲੋਤੇ ਪੀਲ ਪਾਵਿਆਂ ਦੀ ਮੁੱਠੀ ਚਾਪੀ ਕਰ ਰਹੇ ਸਨ ।

ਹੁਣ ਤਕ ਕੋਈ ਕੋਈ ਹੋਰ ਸ਼ਰਧਾਵਾਨ ਵੀ ਪਰਿਕਰਮਾ ਵਿਚ ਚੱਕਰ ਲਾਉਣ ਲੱਗ ਪਿਆ ਸੀ ਤੇ ਵੱਡੇ ਹਾਲ ਵਿਚ ਉਠ ਰਹੀ ਗੁਰਬਾਣੀ ਦੀ ਸੁਭ ਧੁਨੀ ਦੇ ਨਾਲ ਨਾਲ ਪਰਿਕਰਮਾ ਘੁੰਮ ਰਹੇ ਸ਼ਰਧਾਲੂਆਂ ਦੇ ਪਾਠ ਦੀ ਆਵਾਜ਼ ਵੀ ਭਾਈ ਸਾਹਿਬ ਦੇ ਕੰਨਾਂ ਵਿਚ ਗੂੰਜ ਰਹੀ ਸੀ ।

ਭਾਈ ਸਾਹਿਬ ਨੇ ਘੜੀ ਵੇਖੀ, ਹਾਲੇ ਕੇਵਲ ਛੇ ਹੀ ਵੱਜੇ ਸਨ । ਉਨ੍ਹਾਂ ਨੇ ਤਾਂ ਨੌਂ ਵਜੇ ਤੋਂ ਪਹਿਲਾਂ ਦੁਕਾਨ ਨਹੀਂ ਸੀ ਖੋਲ੍ਹਣੀ । ਹਾਲੇ ਬੜਾ ਵੇਲਾ ਸੀ । ਉਹ ਦੁਨੀਆਂ ਦੀ ਸੁਧਬੁਧ ਭੁੱਲ ਕੇ ਪੀਲ ਪਾਵਿਆਂ ਦੀ ਮੁੱਠੀ ਚਾਪੀ ਕਰਦੇ ਰਹੇ । ਇਸ ਤਰ੍ਹਾਂ ਹਰ ਰੋਜ਼ ਹੀ ਸੰਗ ਮਰਮਰ ਦੇ ਪੀਲ ਪਾਵਿਆਂ ਦੀ ਮੁੱਠੀ ਚਾਪੀ ਕਰਦਿਆਂ ਹੋਇਆਂ ਉਨ੍ਹਾਂ ਨੂੰ ਬੜਾ ਆਨੰਦ ਆਉਂਦਾ ਸੀ । ਜਾਪਦਾ ਜਿਵੇਂ ਉਨ੍ਹਾਂ ਤੇ ਇਕ ਤਰ੍ਹਾਂ ਦਾ ਵਜਦ ਤਾਰੀ ਹੋ ਗਿਆ ਹੋਵੇ । ਉਨ੍ਹਾਂ ਨੂੰ ਮਹਿਸੂਸ ਹੁੰਦਾ ਕਿ ਉਨ੍ਹਾਂ ਦੀ ਸੁਰਤੀ ਕਿਤੇ ਦੂਰ ਬ੍ਰਹਿਮੰਡ ਵਿਚ ਲਗ ਗਈ ਹੈ, ਜਿਥੇ ਕਿ ਅਲਾਹੀ ਅਨਹਦ ਨਾਦ ਵਜ ਰਿਹਾ ਹੈ । ਕਈ ਵਾਰ ਤਾਂ ਉਹ ਮਹਿਸੂਸ ਵੀ ਕਰਦੇ ਕਿ ਉਨ੍ਹਾਂ ਨੂੰ ਅਨਹਦ ਨਾਦ ਵਜਦਾ ਸੁਣਾਈ ਦਿੰਦਾ ਹੈ । ਉਹ ਧੰਨ-ਧੰਨ ਕਰ ਉਠਦੇ । ਸਭ ਕੁਝ ਠੀਕ ਠਾਕ ਸੀ ।

ਪਰ ਪਿਛਲੇ ਦਿਨਾਂ ਤੋਂ ਉਨ੍ਹਾਂ ਦੀ ਸੁਚੇਤ ਆਤਮਾ ਕੁਝ ਬੇਚੈਨ ਰਹਿਣ ਲਗ ਪਈ ਸੀ । ਉਨ੍ਹਾਂ ਦੀ ਬੇਚੈਨੀ ਦਾ ਕਾਰਨ ਕੋਈ ਘਰੇਲੂ ਮਸਲਾ ਨਹੀਂ ਸੀ । ਕਿਉਂਕਿ ਘਰੇਲੂ ਮਸਲਿਆਂ ਤੋਂ ਉਹ ਬੜੇ ਚਿਰਾਂ ਤੋਂ ਅਟੰਕ ਹੋ ਗਏ ਸਨ । ਘਰ ਵਿਚ ਪੁਤਰ ਕਿਵੇਂ ਰਹਿੰਦੇ ਨੇ, ਤੇ ਉਨ੍ਹਾਂ ਦੀਆਂ ਵਹੁਟੀਆਂ ਕਿਵੇਂ ਦੰਦ ਕਢਕੇ ਹਸਦੀਆਂ ਨੇ ਇਨ੍ਹਾਂ ਗੱਲਾਂ ਵਲ ਉਨ੍ਹਾਂ ਨੇ ਕਦੀ ਧਿਆਨ ਹੀ ਨਹੀਂ ਸੀ ਦਿਤਾ । ਉਨ੍ਹਾਂ ਨੂੰ ਪੰਜ ਭੂਤਕ ਸਰੀਰ ਕਾਇਮ ਰਖਣ ਲਈ ਕੇਵਲ ਕੁਝ ਕੁ ਫੁਲਕਿਆਂ ਦੀ ਲੋੜ ਹੁੰਦੀ ਸੀ । ਅਤੇ ਉਹ ਉਨ੍ਹਾਂ ਨੂੰ ਬੜੇ ਆਰਾਮ ਨਾਲ ਮਿਲਦੇ ਜਾ ਰਹੇ ਸਨ । ਹਾਲੇ ਤਕ ਉਨ੍ਹਾਂ ਨੂੰ ਵਪਾਰਕ ਬੇਚੈਨੀ ਵੀ ਕੋਈ ਨਹੀਂ ਸੀ । ਕੰਮ ਉਨ੍ਹਾਂ ਦਾ ਬੜੀਆਂ ਹੀ ਚੜ੍ਹਦੀਆਂ ਕਲਾਂ ਵਿਚ ਸੀ ਤੇ ਉਹ ਹਰ ਰੋਜ਼ ਹੀ ਸੋਚਦੇ ਸਨ ਕਿ ਜਦੋਂ ਉਹ ਸੱਚੇ ਪਾਤਸ਼ਾਹ ਅਕਾਲ ਪੁਰਖ ਦੀ ਏਨੀ ਸੇਵਾ ਕਰ ਰਹੇ ਸਨ, ਤਾਂ ਅਕਾਲ ਪੁਰਖ ਨੇ ਵੀ ਤਾਂ ਉਨ੍ਹਾਂ ਤੇ ਤ੍ਰੁੱਠਣਾ ਹੀ ਸੀ ਨਾ ।

ਅਤੇ ਉਹ ਅੰਮ੍ਰਿਤ ਵੇਲੇ ਤੋਂ ਲੈ ਕੇ ਸੂਰਜ ਦੇ ਚੜ੍ਹਾ ਤਕ ਪਰਿਕਰੰਮਾ ਵਿਚ ਘੁੰਮਦੇ, ਪੀਲ ਪਾਵਿਆਂ ਨੂੰ ਦੱਬ ਘੁੱਟ ਕੇ...ਤੇ ਫੇਰ ਸੁੱਚੇ ਜਲ ਨਾਲ ਪਰਿਕਰੰਮਾ ਨੂੰ ਸਾਫ ਕਰਕੇ ਬੜੇ ਪ੍ਰਸੰਨ ਸਨ ਪਰ ਬੇਚੈਨੀ ?

ਭਾਈ ਗਣੇਸ਼ਾ ਸਿੰਘ ਜੀ ਦੀ ਬੇਚੈਨੀ ਦਾ ਵੱਡਾ ਕਾਰਨ ਇਹ ਸੀ ਕਿ ਉਹ ਇਸ ਗੱਲ ਨੂੰ ਬੜੀ ਬੁਰੀ ਤਰ੍ਹਾਂ ਅਤੇ ਪੂਰੀ ਸ਼ਿੱਦਤ ਨਾਲ ਮਹਿਸੂਸ ਕਰ ਰਹੇ ਸਨ ਕਿ ਲੋਕਾਂ ਦੇ ਮਨਾਂ ਵਿਚ ਹੁਣ ਮਹਾਰਾਜ ਅਕਾਲ ਪੁਰਖ ਵਾਸਤੇ ਏਨੀ ਸ਼ਰਧਾ ਨਹੀਂ ਸੀ ਰਹੀ । ਲੋਕ ਆਪਣੇ ਕਿਸੇ ਨਾ ਕਿਸੇ ਸੰਸਾਰਕ ਉਦੇਸ਼ ਦੀ ਪ੍ਰਾਪਤੀ ਲਈ ਮਹਾਰਾਜ ਦੇ ਦਰਬਾਰ ਵਿਚ ਪਰਿਕਰੰਮਾ ਕਰਦੇ ਅਤੇ ਜਾਪ ਜਪਦੇ ਸਨ । ਪਿਛਲੇ ਕੁਝ ਸਮੇਂ ਤੋਂ ਤਾਂ ਸਗੋਂ ਲੋਕਾਂ ਨੇ ਆਪਣੇ ਮੈਲੇ ਕੁਚੈਲੇ ਮਨਾਂ ਵਾਂਗ ਹੀ ਪਰਿਕਰਮਾ ਨੂੰ ਵੀ ਮੈਲਾ ਕਰਨਾ ਸ਼ੁਰੂ ਕਰ ਦਿਤਾ ਸੀ । ਪਤਾ ਨਹੀਂ ਲੋਕਾਂ ਨੂੰ ਕੀ ਹੋ ਗਿਆ ਸੀ ?

ਹੁਣ ਵੀ ਉਹ ਬੜੀ ਦੇਰ ਤੋਂ ਵੇਖ ਰਹੇ ਸਨ ਕਿ ਉਨ੍ਹਾਂ ਦੇ ਨੇੜੇ ਹੀ ਇਕ ਨੌਜਵਾਨ ਜ਼ਨਾਨੀ ਆਪਣੇ ਮਲੂਕੜੇ ਜਿਹੇ ਬੱਚੇ ਨੂੰ ਪਰਿਕਰਮਾ ਵਿਚ ਹੀ ਪਿਸ਼ਾਬ ਕਰਵਾਈ ਜਾ ਰਹੀ ਸੀ । ਉਨ੍ਹਾਂ ਦਾ ਹਿਰਦਾ ਬੜਾ ਦੁਖੀ ਹੋਇਆ ।



Namdhari Elibrary NamdhariElibrary@gmail.com

'ਇਹ ਰਬ ਦਾ ਘਰ ਹੈ !' ਭਾਈ ਸਾਹਿਬ ਨੇ ਪੋਲ-ਪਾਵਿਆਂ ਦੀ ਮੁੱਠੀ ਚਾਪੀ ਕਰਦਿਆਂ ਹੀ ਸੋਚਿਆ—'ਬੱਚਿਆਂ ਦੇ ਪਿਸ਼ਾਬ ਕਰਨ ਲਈ ਥਾਂ ਤਾਂ ਨਹੀਂ !

ਉਹ ਚੁਪ ਹੀ ਰਹੇ । ਪਰ ਅਸਲ ਵਿਚ ਉਹ ਚੁਪ ਰਹਿ ਨਾ ਸਕੇ । ਅਜਿਹਾ ਸੋਗੀ ਦ੍ਰਿਸ਼ ਉਹ ਆਪਣੀਆਂ ਅੱਖਾਂ ਨਾਲ ਨਹੀਂ ਸਨ ਵੇਖ ਸਕਦੇ । ਜ਼ਨਾਨੀ ਬੜੀ ਪੇਂਡੂ ਜਿਹੀ ਤੇ ਸਿਧੇ ਸੁਭਾ ਦੀ ਜਾਪਦੀ ਸੀ... । ਪਰ ਇਹਦਾ ਇਹ ਮਤਲਬ ਤਾਂ ਨਹੀਂ ਕਿ ਉਹ ਆਪਣੇ ਬੱਚੇ ਨੂੰ ਹਜ਼ੂਰੀ ਦਰਬਾਰ ਦੀਆਂ ਪਰਿਕਰਮਾ ਵਿਚ ਪਿਸ਼ਾਬ ਹੀ ਕਰਾਣ ਲਗ ਪਵੇ ?...ਇਸ ਮੰਤਵ ਲਈ ਉਹ ਆਪਣੇ ਬਗਲੋਲ ਜਿਹੇ ਨਿਆਣੇ ਨੂੰ ਚੁਕ ਕੇ ਬਾਹਰ ਵੀ ਤਾਂ ਜਾ ਸਕਦੀ ਸੀ, ਭਾਈ ਗਣੇਸ਼ਾ ਸਿੰਘ ਹੋਰਾਂ ਨੇ ਸੋਚਿਆ । ਉਸ ਵੇਲੇ ਉਨ੍ਹਾਂ ਨੂੰ ਫ਼ੁਰਤ ਖਿਆਲ ਆਇਆ ਕਿ ਜੇਕਰ ਇਹ ਹਰਕਤ ਉਨ੍ਹਾਂ ਦੀ ਕਿਸੇ ਨੂੰਹ ਨੇ ਕੀਤੀ ਹੁੰਦੀ ਤਾਂ...ਤਾਂ ਉਹ ਉਸ ਦੇ ਸੀਰਮੇ ਪੀ ਜਾਂਦੇ...ਪਰ ਇਸ ਓਪਰੀ ਤੇ ਪੇਂਡੂ ਜ਼ਨਾਨੀ ਨੂੰ ਉਹ ਕੀ ਕਹਿਣ ?

ਭਾਈ ਗਣੇਸ਼ਾ ਸਿੰਘ ਜੀ ਬੜੀ ਦੇਰ ਤਕ ਪੋਲ-ਪਾਵਿਆਂ ਦੀ ਮੁੱਠੀ ਚਾਪੀ ਤੇ ਸੱਚੇ ਪਾਤਸ਼ਾਹ ਦੇ ਪਾਵਨ ਚਰਣਾਂ ਵਿਚ ਅਰਦਾਸ ਕਰਦੇ ਰਹੇ ਕਿ ਉਹ ਲੋਕਾਂ ਦੀਆਂ ਭੁੱਲਾਂ ਬਖ਼ਸ਼ ਦੇਵੇ !

ਭਾਈ ਸਾਹਿਬ ਦਾ ਅਰਦਾਸ ਦੀ ਸ਼ਕਤੀ ਵਿਚ ਬੜਾ ਵਿਸ਼ਵਾਸ ਸੀ ਤੇ ਉਨ੍ਹਾਂ ਦਾ ਵਿਚਾਰ ਸੀ ਕਿ ਸੱਚੇ ਮਨ ਨਾਲ ਅਰਦਾਸ ਕਰਕੇ ਮਹਾਰਾਜ ਦੇ ਦਰਬਾਰ ਵਿਚੋਂ ਕੋਈ ਵੀ ਪਾਪ ਬਖ਼ਸ਼ਾਇਆ ਜਾ ਸਕਦਾ ਹੈ । ਅਮਲ ਵਿਚ ਭਾਈ ਸਾਹਿਬ ਪਾਪਾਂ ਦੀ ਮਾਇਆ ਤੋਂ ਬਹੁਤ ਡਰਦੇ ਸਨ, ਖਾਸ ਕਰਕੇ ਉਨ੍ਹਾਂ ਪਾਪਾਂ ਦੀ ਕਲਪਨਾ ਕਰਕੇ, ਜਿਹੜੇ ਉਨ੍ਹਾਂ ਨੇ ਕਦੀ ਨਹੀਂ ਸਨ ਕਰਨੇ ।

ਅਗਲੇ ਪਲ ਉਨ੍ਹਾਂ ਨੇ ਜਦੋਂ ਫੇਰ ਉਸ ਪੇਂਡੂ ਜ਼ਨਾਨੀ ਦੇ ਬੱਚੇ ਨੂੰ ਵੇਖਿਆ, ਜਿਹੜਾ ਹੁਣ ਰਫ਼ਾ-ਹਾਜਤ ਲਈ ਵੀ ਤਿਆਰ ਸੀ— ਤਾਂ ਉਨ੍ਹਾਂ ਨੂੰ ਉਸ ਔਰਤ 'ਤੇ ਬੜਾ ਗੁੱਸਾ ਆਇਆ । ਭਾਈ ਸਾਹਿਬ ਜੀ ਦੀਆਂ ਪੜ੍ਹੀਆਂ ਹੋਈਆਂ ਸਾਰੀਆਂ ਹੀ ਧਾਰਮਿਕ ਪੁਸਤਕਾਂ ਤੇ ਦਰਬਾਰ ਵਿਚ ਸੁਣੇ ਵਿਆਖਿਆਨ ਉਨ੍ਹਾਂ ਨੂੰ ਸਲਾਹ ਦਿੰਦੇ ਸਨ ਕਿ ਉਨ੍ਹਾਂ ਨੂੰ ਜ਼ਿੰਦਗੀ ਵਿਚ ਗੁੱਸਾ ਨਹੀਂ ਕਰਨਾ ਚਾਹੀਦਾ । ਪਰ ਫੇਰ ਇਸ ਵੇਲੇ ਉਹ ਗੁੱਸਾ ਕੀਤੇ ਬਗੈਰ ਰਹਿ ਨਾ ਸਕੇ । ਆਖਰ ਸ਼ਾਂਤੀ ਦੀ ਵੀ ਕੋਈ ਹੱਦ ਹੁੰਦੀ ਹੈ । ਉਨ੍ਹਾਂ ਨੇ ਕੁਝ ਤਲਖੀ ਨਾਲ ਉਸ ਔਰਤ ਨੂੰ ਕਿਹਾ— ਨੀ ਭੋਲੀ ਬੀਬੀਏ ! ਕੀ ਤੂੰ ਨਹੀਂ ਵੇਖਦੀ ਕਿ ਤੇਰੀਆ ਇਨ੍ਹਾਂ ਹਰਕਤਾਂ ਨਾਲ ਸੱਚਾ ਪਾਤਸ਼ਾਹ ਦੁਖੀ ਹੋ ਰਿਹਾ ਹੈ ?'

ਪੇਂਡੂ ਔਰਤ ਆਪਣੇ ਵਿਚਾਰਾਂ ਵਿਚ ਮਗਨ ਸੀ ਤੇ ਦੋ ਕੁ ਵਰ੍ਹਿਆਂ ਦੇ ਗੋਰੇ ਚਿੱਟੇ ਬਗਲੋਲ ਜਿਹੇ ਪੁਤਰ ਨੂੰ ਵੇਖਕੇ ਖ਼ੁਸ਼ ਹੋਈ ਜਾ ਰਹੀ ਸੀ, ਭਾਵੇਂ ਕਿ ਉਹ ਰਫਾ ਹਾਜਤ ਲਈ ਹੀ ਬੈਠਾ ਸੀ...

ਉਨ੍ਹਾਂ ਮਾਂ-ਪੁਤਰ ਨੇ ਭਾਈ ਗਣੇਸ਼ਾ ਸਿੰਘ ਦੀ ਗੱਲ ਵਲ ਕੋਈ ਧਿਆਨ ਨਾ ਦਿਤਾ । ਉਹ ਆਪਣੀ ਦੁਨੀਆ ਵਿਚ ਹੀ ਮਸਤ ਸਨ ।...

ਭਾਈ ਸਾਹਿਬ ਨੇ ਇਕ ਪਲ ਲਈ ਸੋਚਣ ਦਾ ਜਤਨ ਕੀਤਾ ਕਿ ਗੁੱਸਾ ਤਿਆਗ ਕੇ ਇਸ ਗੱਲ ਬਾਰੇ ਸੋਚੇ ਕਿ ਜਿਵੇਂ ਉਹ ਮਾਂ-ਪੁਤਰ ਜਸ਼ੋਦਾ ਤੇ ਕ੍ਰਿਸ਼ਣ ਦੇ ਰੂਪ ਵਿਚ ਉਥੇ ਬੈਠੇ ਹੋਣ —ਜਿਨ੍ਹਾਂ ਬਾਰੇ ਮਹਾਂਕਵੀ ਸੂਰਦਾਸ ਨੇ ਲਿਖਿਆ ਸੀ—

ਜੋ ਸੁਖ ਸੂਰ ਅਮਰ ਮੁਣੀ ਦੁਰਲਭ
ਸੋ ਜਸੁਮਤੀ ਨਿਤ ਪਾਵੇ ।

ਪਰ ਭਾਈ ਸਾਹਿਬ ਗੁੱਸਾ ਨਾ ਤਿਆਗ ਸਕੇ ਤੇ ਉਨ੍ਹਾਂ ਨੇ ਬੜੇ ਜ਼ੋਰ ਨਾਲ ਲਲਕਾਰ ਕੇ ਉਸ ਪੇਂਡੂ ਜ਼ਨਾਨੀ ਨੂੰ ਕਿਹਾ—'ਮੂਰਖ ਕੁੜੀਏ ! ਨਿਆਣੇ ਨੂੰ ਚੁਕ ਕੇ ਬਾਹਰ ਲੈ ਜਾ ਤੇ ਪਰਿਕਰੱਮਾ ਨੂੰ ਸਾਫ ਕਰ, ਛੇਤੀਂ ਨਾਲ !'

ਭਾਈ ਸਾਹਿਬ ਦੀ ਆਵਾਜ਼ ਸੁਣ ਕੇ ਬੱਚਾ ਰੋਣ ਲਗ ਪਿਆ ਤੇ ਉਹਦੀ ਮਾਤਾ ਦੀ ਮੁਸਕਣੀ ਅਲੋਪ ਹੋ ਗਈ । ਉਸ ਵੇਲੇ ਸ਼ਾਇਦ ਉਹਨੂੰ ਇਹ ਵੀ ਅਹਿਸਾਸ ਹੋਇਆ ਕਿ ਉਹ ਮਹਾਰਾਜ ਦੇ ਦਰਬਾਰ ਵਿਚ ਗੰਦ ਕਰਕੇ ਬੈਠੀ ਸੀ ... ਉਹਨੇ ਕਾਹਲੀ ਨਾਲ ਆਪਣੇ ਪੁਤਰ ਨੂੰ ਚੁਕਿਆ ਤੇ ਭਾਈ ਸਾਹਿਬ ਦੇ ਕੋਲ ਦੀ ਪੋਲ-ਪਾਵਿਆਂ ਨਾਲ ਖਹਿਸਰਦੀ ਹੋਈ ਪੌੜੀਆਂ ਚੜ੍ਹਕੇ ਬਾਹਰ ਵਲ ਸਰਕ ਗਈ । ਉਸਦੀ ਤੇਜ਼ ਰਫਤਾਰ ਤੋਂ ਅਹਿਸਾਸ ਹੁੰਦਾ ਸੀ ਕਿ ਉਹ ਹੁਣ ਪਰਤ ਕੇ ਪੁਤਰ ਦੁਆਰਾ ਪਤਿਤ ਕੀਤੀ ਹੋਈ ਪਰਿਕਰੱਮਾ ਨੂੰ ਸਾਫ ਕਰਨ ਲਈ ਨਹੀਂ ਆਵੇਗੀ... । ਪਰ ਫੇਰ ਵੀ ਭਾਈ ਸਾਹਿਬ ਉਡੀਕਦੇ ਰਹੇ, ਤੇ ਉਹ ਨਾ ਆਈ ।



Namdhari Elibrary NamdhariElibrary@gmail.com

ਪਰਿਕਰੱਮਾ ਵਿਚ ਹੁਣ ਕਾਫੀ ਰੌਣਕ ਸੀ ਤੇ ਲੋਕ ਏਧਰੋਂ ਉਧਰ ਆ-ਜਾ ਰਹੇ ਸਨ—ਜਾਪ ਕਰਦੇ ਹੋਏ ! ਉਨ੍ਹਾਂ ਦੇ ਚਿਹਰੇ ਬੜੇ ਪ੍ਰਸੰਨ ਸਨ ਤੇ ਉਨ੍ਹਾਂ 'ਚੋਂ ਕਿਸੇ ਨੇ ਵੀ ਉਸ ਦ੍ਰਿਸ਼ ਵਲ ਧਿਆਨ ਨਹੀਂ ਸੀ ਦਿਤਾ, ਜਿਹੜਾ ਕਿ ਭਾਈ ਸਾਹਿਬ ਨੇ ਤੱਕਿਆ ਸੀ।

ਜਦੋਂ ਕਾਫੀ ਸਮਾਂ ਬੀਤ ਗਿਆ ਤੇ ਉਹ ਜ਼ਨਾਨੀ ਨਾ ਆਈ ਤਾਂ ਭਾਈ ਸਾਹਿਬ ਨੇ ਪੀਲਪਾਵਿਆਂ ਦੀ ਮੁੱਠੀ ਚਾਪੀ ਕਰਨੀ ਛਡਕੇ ਸਰੋਵਰ ਦੇ ਨੇੜੇ ਬਿਰਛ ਕੋਲ ਪਈ ਬਾਲਟੀ ਨੂੰ ਕਾਹਲੀ ਨਾਲ ਚੁਕਿਆ ਤੇ ਫੇਰ ਪਾਣੀ ਨਾਲ ਬਾਲਟੀ ਭਰ-ਭਰ ਕੇ ਉਸ ਪਤਿਤ ਸਥਾਨ ਨੂੰ ਪਵਿਤਰ ਕਰਨਾ ਸ਼ੁਰੂ ਕਰ ਦਿਤਾ। ਹੁਣ ਉਹ ਨਾਲ-ਨਾਲ ਪਤਾ ਨਹੀਂ ਕੀ ਬੁੜਬੁੜਾ ਰਹੇ ਸਨ, ਪਾਠ ਨਹੀਂ ਸਨ ਕਰ ਰਹੇ।

ਪਹਿਲਾਂ ਉਨ੍ਹਾਂ ਨੂੰ ਉਹ ਸੋਗੀ ਤੇ ਪਤਿਤ ਦ੍ਰਿਸ਼ ਵੇਖਕੇ ਖਿਝ ਆਈ ਸੀ ਪਰ ਹੁਣ ਇਸ ਕਰਕੇ ਖਿਝ ਆ ਰਹੀ ਸੀ ਕਿ ਉਨ੍ਹਾਂ ਨੇ ਉਸ ਦ੍ਰਿਸ਼ ਵਲ ਧਿਆਨ ਹੀ ਕਿਉਂ ਦਿਤਾ ? ਦੁਨੀਆ ਵਿਚ ਹਰ ਥਾਂ ਕੂੜ ਦਾ ਪਸਾਰ ਹੈ ਤੇ ਪਤਾ ਨਹੀਂ, ਕਲਜੁਗ ਦਾ ਵਾਰਾ-ਪਹਿਰਾ ਹੋਣ ਕਰਕੇ ਕੀ ਕੁਝ ਹੋ ਰਿਹਾ ਹੈ। ਉਹ ਕਿਸ-ਕਿਸ ਪਤਿਤ ਕੁਕਰਮ ਵਲ ਧਿਆਨ ਦੇਣਗੇ ? —ਜੇਕਰ ਉਹ ਇਨ੍ਹਾਂ ਨਿਗੂਣੀਆਂ ਜਿਹੀਆਂ ਗੱਲਾਂ ਵਿਚ ਉਲਝਣ ਲਗ ਪਏ ਤਾਂ ਸੱਚਮੁਚ ਹੀ ਆਪਣੇ ਉਦੇਸ਼ ਤੋਂ ਥਿੜਕ ਜਾਣਗੇ। ਕੀ ਇਹੋ ਹੀ ਮਾਇਆ - ਜਾਲ ਨਹੀਂ ? ਕੋਈ ਕਾਮ ਵਿਚ ਫਸਿਆ ਹੋਇਆ ਹੈ, ਕੋਈ ਕਰੋਧ ਵਿਚ, ਅਤੇ ਲੋਭ-ਮੋਹ, ਅਹੰਕਾਰ ਦਾ ਤਾਂ ਕੋਈ ਅੰਤ ਹੀ ਨਹੀਂ। ਫੇਰ ਭਾਈ ਸਾਹਿਬ ਨੂੰ ਖਿਆਲ ਆਇਆ ਕਿ ਉਨ੍ਹਾਂ ਨੇ ਐਵੇਂ ਖਾਹਮਖਾਹ ਹੀ ਉਸ ਜ਼ਨਾਨੀ ਨੂੰ ਟੋਕਿਆ !...ਉਨ੍ਹਾਂ ਦਾ ਬੜੀ ਦੇਰ ਤੋਂ ਇਹ ਖਿਆਲ ਸੀ ਕਿ ਜਦੋਂ ਬੰਦਾ ਖਾਹਮਖਾਹ ਹੀ ਨੁਕਤਾਚੀਨੀ ਕਰਨ ਲਗ ਪੈਂਦਾ ਹੈ ਤਾਂ ਇਹਦਾ ਸਿੱਧਾ ਜਿਹਾ ਮਤਲਬ ਇਹ ਹੁੰਦਾ। ਕਿ ਉਹ ਬੁੱਢਾ ਹੋ ਰਿਹਾ ਹੈ।...ਭਾਈ ਸਾਹਿਬ ਬੁੱਢੇ ਤਾਂ ਹੋ ਹੀ ਗਏ ਸਨ ਪਰ ਉਹ ਨੁਕਤਾਚੀਂ ਨਹੀਂ ਸਨ। ਪਰ ਅਜ ਉਨ੍ਹਾਂ ਨੇ ਕੀ ਕੀਤਾ ?

ਭਾਈ ਸਾਹਿਬ ਪੀਲ ਪਾਵਿਆਂ ਦੀ ਮੁੱਠੀ ਚਾਪੀ ਕਰਦੇ ਹੋਏ ਸੋਚ ਰਹੇ ਸਨ ਕਿ ਪਰਿਕਰਮਾ ਨੂੰ ਗੰਦੀ ਹੁੰਦੀ ਉਹ ਕਿਵੇਂ ਸਹਾਰ ਲੈਂਦੇ ? ਗੁਰੂ ਦਾ ਘਰ ਫੇਰ ਵੀ ਗੁਰੂ ਦਾ ਘਰ ਹੈ। ਫੇਰ ਉਨ੍ਹਾਂ ਨੂੰ ਖਿਆਲ ਆਇਆ ਕਿ ਹਾਲੇ ਪਿਛਲੇ ਦਿਨੀਂ ਹੀ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਪਰਿਕਰੱਮਾ ਵਿਚ ਕਤਲ ਹੋ ਗਿਆ ਸੀ...ਪਰ ਉਹ ਕੁਝ ਨਾ ਕਰ ਸਕੇ ! ......ਪਰ ਉਸ ਤੋਂ ਵੀ ਅਗਲੇ ਪਲ ਉਹ ਸੋਚ ਰਹੇ ਸਨ ਕਿ ਪਰਿਕੱਰਮਾ 'ਤੇ ਕੀ ਕੇਵਲ ਉਨ੍ਹਾਂ ਦਾ ਹੀ ਅਧਿਕਾਰ ਹੈ ? ਮਹਾਰਾਜ ਦੇ ਦਰਬਾਰ ਵਿਚ ਉਨ੍ਹਾਂ ਦੀ ਹਸਤੀ ਹੀ ਕੀ ਹੈ ?...ਉਸ ਵੇਲੇ ਉਨ੍ਹਾਂ ਨੂੰ ਬੜੀ ਸ਼ਿਦੱਤ ਨਾਲ ਮਹਿਸੂਸ ਹੋਇਆ ਕਿ ਉਨ੍ਹਾਂ ਨੇ ਹਉਮੈਂ-ਵਸ ਹੀ ਜ਼ਨਾਨੀ ਨੂੰ ਤੇ ਉਹਦੇ ਮਾਸੂਮ ਬੱਚੇ ਨੂੰ ਝਿੜਕ ਦਿਤਾ ਹੈ।...ਫੇਰ ਉਹ ਇਸ ਡਰ ਨਾਲ ਕੰਬ ਗਏ ਕਿ ਕਿਤੇ ਉਨ੍ਹਾਂ ਦਾ ਸੱਚਾ ਪਾਤਸ਼ਾਹ ਇਸ ਛੋਟੀ ਜਿਹੀ ਗੱਲ ਕਰਕੇ ਉਨ੍ਹਾ ਨਾਲ ਨਾਰਾਜ਼ ਹੀ ਨਾ ਹੋ ਜਾਵੇ !...ਜੇਕਰ ਸੱਚੇ ਪਾਤਸ਼ਾਹ ਨੇ ਉਸ ਜ਼ਨਾਨੀ ਨੂੰ ਪਵਿਤਰਤਾ ਦੀ ਸੋਝੀ ਦੇਣੀ ਸੀ, ਤਾਂ ਆਪ ਹੀ ਦੇ ਦੇਣੀ ਸੀ...। ਉਹਨੇ ਖਾਹਮਖਾਹ ਕਿਉਂ ਸੱਚੇ ਪਾਤਸ਼ਾਹ ਦਾ ਏਜੰਟ ਬਣਨ ਦਾ ਜਤਨ ਕੀਤਾ ?... ਇਸ ਤੋਂ ਵੀ ਅਗਲੇ ਪਲ ਉਹ ਸੋਚ ਰਹੇ ਸਨ ਕਿ ਜੇ ਕਰ ਸੱਚਾ ਪਾਤਸ਼ਾਹ ਘਟ-ਘਟ ਵਿਚ ਵਸਦਾ ਹੈ ਤਾਂ ਕੀ ਉਨ੍ਹਾਂ ਨੇ ਉਸ ਜ਼ਨਾਨੀ ਨੂੰ ਦੁਰਕਾਰ ਕੇ ਸੱਚੇ ਪਾਤਸ਼ਾਹ ਨੂੰ ਨਾਰਾਜ਼ ਨਹੀਂ ਕਰ ਲਿਆ ? ਕਿੰਨੇ ਹੀ ਚੋਰ ਡਾਕੂ ਤੇ ਸਮਗਲਰ ਸੱਚੇ ਪਾਤਸ਼ਾਹ ਕੋਲ ਸ਼ਰਣ ਲੈਂਦੇ ਹਨ, ਉਹ ਕਿਸੇ ਨੂੰ ਕੀ ਕਹਿ ਸਕਦਾ ਹੈ ?

ਦਿਨ ਦੀ ਧੁੱਪ ਖਿਸ਼ਕਣ ਲਗ ਪਈ ਸੀ ਤੇ ਸੂਰਜ ਦੀਆਂ ਰੁਪਹਿਲੀ ਕਿਰਣਾਂ ਨਾਲ ਸਰੋਵਰ ਦਾ ਪਾਣੀ ਬਹੁਤ ਹੀ ਪਾਕ-ਪਵਿਤਰ ਦਿਸ ਰਿਹਾ ਸੀ। ਸ਼ਰਧਾਲੂ ਲੋਕ ਆਪਣੇ ਮਨਾਂ ਦੀ ਮੈਲ ਦੂਰ ਕਰਨ ਲਈ ਸਰੋਵਰ ਦੇ ਪਵਿਤਰ ਜਲ ਵਿਚ ਚੁੱਭੇ ਲਾ ਰਹੇ ਸਨ। ਉਸ ਵੇਲੇ ਭਾਈ ਸਾਹਿਬ ਦਾ ਜੀ ਕੀਤਾ ਕਿ ਉਹ ਕਾਹਲੀ ਨਾਲ ਅਗੇ ਵਧ ਕੇ ਸਣ-ਕਪੜੀਂ ਸਰੋਵਰ ਵਿਚ ਚੁੱਭੀ ਮਾਰ ਲਵੇ...ਤੇ ਹਉਮੈਂ ਦੀ ਮੈਲ ਨੂੰ ਉਸ ਪਵਿਤਰ ਜਲ ਨਾਲ ਪਾਕ-ਸਾਫ ਕਰ ਲਵੇ !

ਉਸ ਵੇਲੇ ਕੋਈ ਆਵਾਜ਼, ਅਨਹਦ ਨਾਦ ਵਾਂਗ ਉਨ੍ਹਾਂ ਦੇ ਕੰਨਾਂ ਵਿਚ ਗੂੰਜ ਰਹੀ ਸੀ ਕਿ ਉਨ੍ਹਾਂ ਨੇ ਇਕ ਸਾਧਾਰਨ ਸ਼ਰਧਾਵਾਨ ਜ਼ਨਾਨੀ ਤੇ ਉਹਦੇ ਮਾਸੂਮ ਬੱਚੇ ਦਾ ਨਿਰਾਦਰ ਕਰਕੇ ਆਪਣੇ ਸੱਚੇ ਪਾਤਸ਼ਾਹ ਨੂੰ ਨਾਰਾਜ਼ ਕਰ ਲਿਆ ਹੈ ! ਫੇਰ ਉਹ ਸੋਚਦੇ ਨਹੀਂ, ਨਹੀਂ ! ਮੈਂ ਤਾਂ



Namdhari Elibrary NamdhariElibrary@gmail.com

ਉਹਦੀ ਰਚਾ ਵਿਚ ਰਹਿਣ ਵਾਲਾ ਇਕ ਤੁੱਛ ਬੰਦਾ ਹਾਂ !

ਇਹ ਸਭੇ ਗੱਲਾਂ ਭਾਈ ਸਾਹਿਬ ਉਸ ਵੇਲੇ ਸੋਚ ਰਹੇ ਸਨ, ਜਦੋਂ ਕਿ ਉਹ ਪਰਿਕੱਰਮਾ ਦੇ ਨੇੜੇ ਪੌੜੀਆਂ ਕੋਲ ਖਲੋਤੇ ਪੀਲ-ਪਾਵਿਆਂ ਨੂੰ ਦਬ ਘੁੱਟ ਰਹੇ ਸਨ !

ਅਗਲੇ ਪਲ ਉਹ ਸੋਚ ਰਹੇ ਸਨ ਕਿ ਇਨ੍ਹਾਂ ਸੰਗ-ਮਰਮਰ ਦੇ ਪੱਥਰਾਂ ਦੀ ਪੂਜਾ ਕਿਸ ਕੰਮ ਦੀ, ਜੇਕਰ ਉਨ੍ਹਾਂ ਦਾ ਸੱਚਾ ਪਾਤਸ਼ਾਹ ਹੀ ਉਨ੍ਹਾਂ ਨਾਲ ਨਾਰਾਜ਼ ਹੋ ਜਾਵੇ ! - ਪਰ ਉਸ ਔਰਤ ਨੂੰ ਵੀ ਤਾਂ ਇਹ ਨਹੀਂ ਸੀ ਚਾਹੀਦਾ ਕਿ ਸੱਚੇ ਪਾਤਸ਼ਾਹ ਦੇ ਦਰਬਾਰ ਦੀ ਪਰਿਕਰੱਮਾ ਨੂੰ ਆਪਣੇ ਬੱਚੇ ਦੇ ਮਲ-ਮੂਤਰ ਨਾਲ ਪਤਿਤ ਕਰਦੀ !

ਪਤਿਤ ਕੀ ਹੈ ਤੇ ਪਵਿਤਰ ਕੀ ?...ਕੀ ਉਹ ਇਸ ਭੇਦ ਨੂੰ ਸਮਝ ਸਕਣਗੇ ? . ਭਾਈ ਸਾਹਿਬ ਨੂੰ ਬੜੀ ਸ਼ਿੱਦਤ ਨਾਲ ਇਹ ਖਿਆਲ ਆਇਆ । ਪਰਿਕਰਮਾ ਵਿਚ ਕਤਲ ਹੋਣ ਵਾਲਾ ਵੀ ਆਪਣੇ ਆਪ ਨੂੰ ਪਵਿਤਰ ਸਮਝਦਾ ਹੋਵੇਗਾ ਤੇ...ਕਾਤਲ ਵੀ ! ਫੇਰ ਉਨ੍ਹਾਂ ਨੇ ਇਹ ਕੀ ਕਰ ਦਿਤਾ ?

ਪਰਿਕਰੱਮਾ ਵਿਚ ਹੁਣ ਪਹਿਲਾਂ ਨਾਲੋਂ ਹੋਰ ਵੀ ਵਧੇਰੇ ਰੌਣਕ ਸੀ ਤੇ ਲੋਕ ਬੜੀ ਬੇਫਿਕਰੀ ਨਾਲ ਦਰਬਾਰ ਹਾਲ ਵਲ ਵਧ ਰਹੇ ਸਨ । ਸਰੋਵਰ ਦਾ ਝਲਕਦਾ ਪਾਣੀ ਅਜ ਵਾਤਾਵਰਣ ਦੇ ਪ੍ਰਭਾਵ ਵਿਚ ਚਾਂਦੀ ਖਲੇਰ ਰਿਹਾ ਸੀ।

ਭਾਈ ਸਾਹਿਬ ਨੇ ਉਸ ਪਾਕ-ਪਵਿਤਰ ਮਾਹੌਲ ਵਿਚ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਮਨ ਹੁਣ ਪਵਿਤਰ ਨਹੀਂ ਰਿਹਾ।...ਬੜੀ ਭਾਵੁਕਤਾ ਨਾਲ ਉਨ੍ਹਾਂ ਨੇ ਸੋਚਿਆ ਜਿਵੇਂ ਉਨ੍ਹਾਂ ਤੋਂ ਵੀ ਕੋਈ ਕਤਲ ਹੋ ਗਿਆ ਹੋਵੇ। ਫੇਰ, ਉਨ੍ਹਾਂ ਨੇ ਦੂਰ ਤਕ ਭੀੜ ਨੂੰ ਘੂਰਿਆ ਕਿ ਸ਼ਾਇਦ ਕਿਤੇ ਉਹ ਮਾਸੂਮ ਬੱਚੇ ਵਾਲੀ ਔਰਤ ਪਰਿਕਰਮਾ ਕਰਦੀ ਹੋਈ ਦਿਸ ਪਵੇ ਤਾਂ ਉਹ ਉਹਦੇ ਕੋਲੋਂ ਖਿਮਾ ਮੰਗ ਕੇ ਆਪਣੀ ਭੁੱਲ ਬਖ਼ਸ਼ਾ ਲੈਣ ।

ਅਗਲੇ ਪਲ ਉਨਾਂ ਨੇ ਸੰਗਮਰਮਰ ਦੇ ਪੀਲ-ਪਾਵਿਆਂ ਨੂੰ ਦਬਣਾ ਘੁੱਟਣਾ ਛਡ ਦਿਤਾ ਤੇ ਕਾਹਲੀ ਨਾਲ ਉਨ੍ਹਾਂ ਮਾਂ-ਪੁਤਰ ਦੇ ਮਾਸੂਮ ਚਿਹਰਿਆਂ ਨੂੰ ਲਭੱਣ ਲਈ ਭੀੜ ਵਿਚ ਅਲੋਪ ਹੋ ਗਏ ਸਨ !

ਵਾਰਤਾ ਇਕ ਨਵੀਂ

# ਉਹ ਹੰਗੇਰੀਅਨ ਨਾਮਧਾਰਨ

– ਪ੍ਰੀਤਮ ਸਿੰਘ ਪੰਛੀ

ਹੰਗਰੀ ਦੀ ਪ੍ਰਸਿਧ ਲੇਖਿਕਾ ਵਿਲਮਾ ਲੁਗੋਤੀ ਜੋ ਹੰਗੇਰੀਅਨ ਅਤੇ ਫਰੈਂਚ ਦੋਹਾਂ ਭਾਸ਼ਾਵਾਂ ਵਿਚ ਲਿਖਦੀ ਹੈ, ਉਸ ਦਿਨ ਤੇਜ਼ ਧੁੱਪ ਵਿਚ ਸਿਖਰ ਦੁਪਹਿਰੇ ਸ਼ਹਿਰ ਤੋਂ ਦੂਰ ਦੁਰਾਡੀ ਬਸਤੀ ਵਿਚ ਮੇਰੇ ਘਰ ਆ ਗਈ। ਉਂਜ ਮੇਰੇ ਪੱਤਰਕਾਰ ਦੋਸਤ ਵਿਜੇ ਭੂਸ਼ਨ ਨੇ ਪਹਿਲੋਂ ਹੀ ਵਿਲਮਾ ਦੇ ਆਉਣ ਦੀ ਸੂਚਨਾ ਦੇ ਦਿਤੀ ਸੀ।

ਸਲਵਾਰ ਕਮੀਜ਼ ਦੇ ਪੰਜਾਬੀ ਪਹਿਰਾਵੇ ਵਿਚ ਵਿਲਮਾ ਬਹੁਤ ਪਿਆਰੀ ਲੱਗ ਰਹੀ ਸੀ। ਉਹਨੇ ਕਈ ਘੰਟੇ ਸਾਡੇ ਨਾਲ ਬਿਤਾਏ। ਬਚਿਆਂ ਨਾਲ ਉਹ ਇੰਜ ਘੁਲ ਮਿਲ ਗਈ ਜਿਵੇਂ ਉਹਨਾਂ ਦੀ ਕੋਈ ਨਜ਼ਦੀਕੀ ਰਿਸ਼ਤੇਦਾਰ ਵਰ੍ਹਿਆਂ ਪਿਛੋਂ ਉਹਨਾਂ ਨੂੰ ਮਿਲਣ ਲਈ ਆ ਬਹੁੜੀ ਹੋਵੇ।

ਮਧਰੇ ਕੱਦ, ਵੱਡੀਆਂ ਵੱਡੀਆਂ ਮੁਸਕਰਾਂਦੀਆਂ ਅੱਖਾਂ ਅਤੇ ਗੋਲ ਚਿਹਰੇ ਵਾਲੀ ਵਿਲਮਾ ਲੁਗੋਤੀ ਪਚਵੰਜਾ ਵਰ੍ਹਿਆਂ ਦੀ ਹੈ, ਪਰ ਉਹਨੂੰ ਦੇਖ ਕੇ ਕੋਈ ਉਹਦੀ ਉਮਰ ਦਾ ਅੰਦਾਜ਼ਾ ਨਹੀਂ ਲਗਾ ਸਕਦਾ। ਉਹਦਾ ਆਪਣਾ ਜੱਦੀ ਘਰ ਹੰਗਰੀ ਦੀ ਰਾਜਧਾਨੀ ਬੁਡਾਪੇਸਟ ਵਿਚ ਹੈ, ਪਰ ਕਈ ਵਰ੍ਹਿਆਂ ਤੋਂ ਉਹ ਭਾਰਤ ਵਿਚ ਰਹਿ ਰਹੀ ਸੀ। ਆਮ ਤੌਰ ਤੇ ਉਹ ਇਕ ਕਹਾਣੀ-ਲੇਖਕਾ ਹੈ ਪਰ ਭਾਰਤ ਵਿਚ ਰਹਿੰਦਿਆਂ ਉਹਨੇ "ਅੰਡਰ ਦੀ ਸ਼ੇਡ ਆਫ਼ ਸ਼ਿਵਾ" ਅਤੇ "ਦੀ ਸ਼ੋਰ ਆਫ਼ ਗੰਗਾ" ਆਦਿ ਕਿਤਾਬਾਂ ਦੀ ਰਚਨਾ ਵੀ ਕੀਤੀ ਹੈ। ਉਹਨੇ ਦਸਿਆ ਕਿ ਹੰਗਰੀ ਦੇ ਲੋਕ ਭਾਰਤ ਵਿਚ ਡੂੰਘੀ ਦਿਲਚਸਪੀ ਰਖਦੇ ਹਨ ਅਤੇ ਉਥੋਂ ਦੀਆਂ ਖਾਨਾ ਬਦੋਸ਼-ਜਾਤੀਆਂ ਤਾਂ ਆਪਣਾ ਪਿਛੋਕੜ ਭਾਰਤ ਨਾਲ ਜੋੜਦੀਆਂ ਹਨ।

ਉਹ ਮੇਰੀਆਂ ਕਿਤਾਬਾਂ ਦੀ ਫਰੋਲਾ ਫਰੋਲੀ ਕਾਫੀ



Namdhari Elibrary NamdhariElibrary@gmail.com

ਦੇਰ ਤਕ ਕਰਦੀ ਰਹੀ। ਜਦੋਂ ਉਹਦੀ ਨਜ਼ਰ ਆਹਲੂ-ਵਾਲੀਆ ਦੀ ਅੰਗਰੇਜ਼ੀ ਕਿਤਾਬ "ਕੂਕਾਜ਼" ਤੇ ਗਈ ਤਾਂ ਮੈਂ ਝਟ ਉਹਨੂੰ ਕਿਤਾਬ ਪੜ੍ਹਨ ਦੀ ਸਿਫਾਰਸ਼ ਕੀਤੀ ਅਤੇ ਕਿਹਾ ਕਿ ਉਹਨੂੰ ਇਹ ਕਿਤਾਬ ਪੜ੍ਹਕੇ ਭਾਰਤੀਆਂ ਦੀਆਂ ਭਾਵਨਾਵਾਂ ਕੁਰਬਾਨੀ ਦੀ ਸਪਿਰਟ ਅਤੇ ਇਕ ਵਿਲੱਖਣਤਾ ਦੇ ਦਰਸ਼ਨ ਹੋਣਗੇ। ਮੈਨੂੰ ਦਿਲੀ ਯੂਨੀਵਰਸਿਟੀ ਦੇ ਇੰਟਰ-ਨੈਸ਼ਨਲ ਹੋਟਲ ਵਿਚ ਆਉਣ ਦਾ ਸੱਦਾ ਦੇ ਕੇ ਤੇ ਬਚਿਆਂ ਨੂੰ ਟਾਫੀਆਂ ਵੰਡਦੀ ਉਹ ਸਾਡੇ ਘਰੋਂ ਤੁਰ ਗਈ।

ਇਕ ਢਲਦੀ ਸ਼ਾਮ .....ਮੈਂ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਹੋਸਟਲ ਪੁਜਾ ਤਾਂ ਵਿਲਮਾ ਬਾਹਰ ਗਰਾਊਂਡ ਵਿਚ ਚਪੜਾਸੀ ਜਮਾਂਦਾਰ ਅਤੇ ਬੈਰਿਆਂ ਵਿਚ ਘਿਰੀ ਬੈਠੀ ਸੀ ਅਤੇ ਉਹਨਾਂ ਤੋਂ ਪੰਜਾਬੀ ਨੇਪਾਲੀ ਅਤੇ ਪਹਾੜੀ ਗੀਤ ਸੁਣ ਰਹੀ ਸੀ। ਮੈਨੂੰ ਦੇਖਕੇ ਉਹ ਆਪਣੀ ਮਹਿਫਲ ਨੂੰ ਉਥੇ ਹੀ ਖਤਮ ਕਰਕੇ ਅ ਪਣੇ ਕਮਰੇ ਵਿਚ ਆ ਗਈ ਅਤੇ ਅਸੀਂ ਸਾਹਿਤ ਤੇ ਜ਼ਿੰਦਗੀ ਦੇ ਦੂਜੇ ਪਹਿਲੂਆਂ ਨੂੰ ਲੈ ਕੇ ਚਰਚਾ ਸ਼ੁਰੂ ਕਰ ਦਿਤੀ।

ਵਿਲਮਾ ਲੁਗੋਤੀ ਨੂੰ ਮੇਰਾ ਸੁਆਲ ਸੀ 'ਪਿਆਰ ਬਾਰੇ ਤੁਹਾਡਾ ਕੀ ਦ੍ਰਿਸ਼ਟੀਕੋਣ ਹੈ ?"

ਉਹ ਮੁਸਕਰਾਈ। ਬੋਲੀ "ਪਿਆਰ ਦੇ ਟਿਕਾਊ ਹੋਣ ਦੀ ਮੈਂ ਕਦੇ ਕਲਪਨਾ ਨਹੀਂ ਕੀਤੀ। ਮਨੁੱਖੀ ਕੀਮਤਾਂ ਵੀ ਸਮੇਂ ਦੇ ਨਾਲ ਬਦਲਦੀਆਂ ਰਹਿੰਦੀਆਂ ਹਨ। ਜੀਵਨ ਸਾਰਾ ਪਿਆਰ ਨੂੰ ਹਮੇਸ਼ਾਂ ਇਕ ਨਵਾਂ ਮੋੜ ਦਿੰਦੀ ਰਹਿੰਦੀ ਹੈ।

ਆਪਣੇ ਇਸ ਦ੍ਰਿਸ਼ਟੀਕੋਣ ਦੀ ਪੁਖਤਗੀ ਲਈ ਉਹਨੇ ਆਪਣੇ ਕਹਾਣੀ ਸੰਗ੍ਰਹਿ "ਗੋਲਡ ਡਸਟ" ਦੀਆਂ ਕਹਾਣੀਆਂ ਦਾ ਵੀ ਜ਼ਿਕਰ ਕੀਤਾ।

ਮੈਂ ਉਹਨੂੰ ਪੁਛਿਆ ਕਿ ਉਹ ਭਾਰਤ ਵਿਚ ਹੋਰ ਕਿੰਨਾ ਸਮਾਂ ਰਹਿਣਾ ਚਾਹੁੰਦੀ ਹੈ ?

ਵਿਲਮਾ ਲੁਗੋਤੀ ਦੀਆਂ ਅੱਖਾਂ ਵਿਚ ਚਮਕ ਆ ਗਈ। ਬੋਲੀ "ਭਾਰਤ ਦੇ ਸਭਿਆਚਾਰ ਅਤੇ ਲੋਕਾਂ ਦੀ ਭਿੰਨਤਾ-ਭਰੀ ਜ਼ਿੰਦਗੀ ਦੀਆਂ ਡੂੰਘਾਈਆਂ ਨਾਪਣ ਲਈ ਲੰਮਾ ਸਮਾਂ ਦਰਕਾਰ ਹੈ। ਮੈਂ ਭਾਰਤ ਨੂੰ ਹਰ ਪੱਖ ਤੋਂ ਘੋਖਣਾ ਚਾਹੁੰਦੀ ਹਾਂ।"

ਫਿਰ ਉਹ ਬੋਲੀ "ਕੂਕਿਆਂ ਬਾਰੇ ਪੜ੍ਹਕੇ ਤਾਂ ਮੈਂ ਦੰਗ ਰਹਿ ਗਈ ਹਾਂ। ਕੀ ਮੈਂ ਇਹਨਾਂ ਲੋਕਾਂ ਨੂੰ ਮਿਲ ਸਕਦੀ ਹਾਂ ?

"ਜ਼ਰੂਰ ! ਮੈਂ ਜ਼ਰੂਰ ਮਿਲਾਵਾਂਗਾ।" ਮੈਂ ਵਾਅਦਾ ਕਰਕੇ ਆ ਗਿਆ।

ਦੂਜੇ ਦਿਨ ਉਹਦਾ ਟੈਲੀਫੋਨ ਆਇਆ। ਉਹ ਅੱਜ ਰਾਤ ਦੀ ਫਲਾਈਟ ਤੇ ਲੰਡਨ ਜਾ ਰਹੀ ਹੈ। ਉਥੇ ਉਹਨੂੰ ਕਿਸੇ ਕਿਤਾਬ ਉੱਤੇ ਇਨਾਮ ਮਿਲਿਆ ਹੈ। ਪਬਲਿਸ਼ਰ ਨੇ ਫੌਰੀ ਬੁਲਾਇਆ ਹੈ। ਅਗਲੇ ਮਹੀਨੇ ਜਦੋਂ ਉਹ ਵਾਪਸ ਆਏਗੀ ਤਾਂ ਕੂਕਿਆਂ ਨੂੰ ਜ਼ਰੂਰ ਮਿਲੇਗੀ ਅਤੇ ਉਨ੍ਹਾਂ ਉਤੇ ਲਿਖੇਗੀ।

ਮੈਂ ਦੌੜਿਆ ਉਹਦੇ ਹੋਸਟਲ ਗਿਆ। ਨਾਮਧਾਰੀਆਂ ਦੀ ਉੱਨ ਦੀ ਮਾਲਾ ਉਹਨੂੰ ਦਿੰਦਿਆਂ ਕਿਹਾ—"ਇਹ ਤੂੰ ਲੈ ਜਾ। ਮੈਨੂੰ ਇਹ ਗੁਰੂ ਜੀ ਨੇ ਦਿਤੀ ਸੀ। ਤੇਰੇ ਸੰਕਟ ਸਮੇਂ ਕੰਮ ਆਏਗੀ।"

ਉੱਨ ਦੀ ਮਾਲਾ ਬਾਰੇ ਉਹ ਪੜ੍ਹ ਚੁਕੀ ਹੋਈ ਸੀ। ਉਹ ਤੁਰ ਗਈ। ਮੈਂ ਉਹਨੂੰ ਹਵਾਈ ਅੱਡੇ ਤੇ ਛੱਡਣ ਗਿਆ।

ਹੁਣ ਵਿਲਮਾ ਲੁਗੋਤੀ ਦੀ ਚਿਠੀ ਦੀ ਉਡੀਕ ਸੀ। ਮਹੀਨਾ ਬੀਤ ਗਿਆ, ਫਿਰ ਦੂਜਾ ਮਹੀਨਾ। ਤੀਜੇ ਮਹੀਨੇ ਜਾ ਕੇ ਉਹਦੀ ਚਿਠੀ ਮਿਲੀ। ਉਹਨੇ ਲਿਖਿਆ ਸੀ—

"ਚੰਗੇ ਦੋਸਤ !

ਮੈਂ ਲੰਡਨ ਆਉਂਦੀ ਹੀ ਬੀਮਾਰ ਪੈ ਗਈ ਸੀ। ਦੋ ਮਹੀਨੇ ਤੋਂ ਨਰਸਿੰਗ ਹੋਮ ਵਿਚ ਹਾਂ। ਅਗਲੇ ਮਹੀਨੇ ਇਕ ਮੇਜਰ ਅਪਰੇਸ਼ਨ ਹੋਵੇਗਾ। ਮਾਲਾ ਮੇਰੇ ਅੰਗ ਸੰਗ ਹੈ— ਅਪ੍ਰੇਸ਼ਨ ਜ਼ਰੂਰ ਸਫਲ ਹੋਵੇਗਾ।

ਬਚਿਆਂ ਨੂੰ ਮੇਰਾ ਪਿਆਰ
ਵਿਲਮਾ ਲੁਗੋਤੀ (ਨਾਮਧਾਰਨ)

ਹੰਗਰੀ ਦੀ ਇਸ ਪ੍ਰਸਿਧ ਲੇਖਿਕਾ ਨੇ ਆਪਣੇ ਆਪ ਨੂੰ ਨਾਮਧਾਰਨ ਲਿਖਿਆ ਸੀ ਤੇ ਮੈਂ ਉਹਦੀ ਦੂਜੀ ਚਿਠੀ ਦੀ ਉਡੀਕ ਵਿਚ ਸਾਂ ਜਦੋਂ ਉਹ ਲਿਖੇਗੀ ਹੁਣ ਮੈਂ ਸਿਹਤਮੰਦ ਹਾਂ ਅਤੇ ਜਲਦੀ ਭਾਰਤ ਪਰਤ ਰਹੀ ਹਾਂ ਤਾਂਕਿ ਨਾਮਧਾਰੀ ਸਮਾਜ ਨੂੰ ਹੋਰ ਘੋਖਕੇ, ਆਪਣੇ ਬਦੇਸ਼ੀ ਪਾਠਕਾਂ ਲਈ ਇਕ ਚੰਗੇਰਾ ਦੇਣ ਵਾਲੀ ਕਿਤਾਬ ਲਿਖ ਸਕਾਂ।

ਪਰ ਵਿਲਮਾ ਲੁਗੋਤੀ ਦੀ ਫਿਰ ਕਦੀ ਚਿੱਠੀ ਨਹੀਂ ਆਈ। ਮੈਨੂੰ ਅਜੇ ਵੀ ਉਹਦੀ ਚਿੱਠੀ ਦੀ ਉਡੀਕ ਹੈ। ●



Namdhari Elibrary NamdhariElibrary@gmail.com

ਕਹਾਣੀ

# ਮਿੱਟੀ ਦਾ ਤੇਲ

— ਕ੍ਰਿਸ਼ਨ ਚੰਦਰ

ਸਵੇਰ ਤੋਂ ਆਪਣਾ ਸਟੋਵ ਨਹੀਂ ਬਲਿਆ ਸੀ। ਪੁਰਾਣਾ ਸਟੋਵ ਹੈ, ਕਿਸੇ ਕਵਾੜੀਏ ਤੋਂ ਸਾਢੇ ਤਿੰਨ ਰੁਪਏ ਵਿਚ ਖਰੀਦਿਆ ਸੀ। ਪਿਛਲੇ ਦੋ ਸਾਲ ਤੋਂ ਨਵਾਂ ਸਟੋਵ ਖਰੀਦਣ ਦੀ ਆਸ ਰਖਦੇ ਹਾਂ। ਆਸ ਦਾ ਇਕ ਗੁਣ ਇਹ ਵੀ ਹੈ ਕਿ ਆਦਮੀ ਇਸ ਨੂੰ ਰਖ ਸਕਦਾ ਹੈ। ਉਹ ਘਰ, ਪਤਨੀ, ਨੌਕਰੀ, ਗੱਡੀ ਰਖ ਸਕੇ, ਨਾ ਰਖ ਸਕੇ, ਉਨ੍ਹਾਂ ਦੀ ਆਸ ਜ਼ਰੂਰ ਰਖ ਸਕਦਾ ਹੈ। ਸਾਡੇ ਦੇਸ਼ ਵਿਚ ਹਾਲੇ ਆਸਾਂ ਰੱਖਣ ਉਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਹੀਂ ਹੈ। ਇਸ ਲਈ ਕਿਸੇ ਕੋਟੇ ਪਰਮਿਟ, ਲਾਇਸੰਸ ਦੀ ਲੋੜ ਨਹੀਂ, ਜਿਨੀਆਂ ਚਾਹੋ ਆਸਾਂ ਰਖੋ। ਕਿੰਨੇ ਚੰਗੇ ਭਾਗਾਂ ਵਾਲੇ ਹਾਂ ਅਸੀਂ ਲੋਕ। ਸਾਨੂੰ ਆਸ ਰਖਣ ਦੀ ਪੂਰੀ ਆਜ਼ਾਦੀ ਹੈ। ਜਦੋਂ ਤੋਂ ਮੈਨੂੰ ਪਤਾ ਲਗਾ ਹੈ ਕਿ ਆਸਾਂ ਦੇ ਵਿਸ਼ੇ ਵਿਚ ਸਾਡੇ ਦੇਸ਼ ਕਿੰਨਾ ਆਜ਼ਾਦ ਹੈ, ਮੈਂ ਕੁਝ ਜ਼ਿਆਦਾ ਹੀ ਦੇਸ਼ ਭਗਤ ਹੋ ਚਲਿਆ ਹਾਂ। ਮੈਨੂੰ ਉਨ੍ਹਾਂ ਮੰਦਭਾਗੇ ਮੁਲਕਾਂ ਦਾ ਖਿਆਲ ਆਉਂਦਾ ਹੈ ਜਿਥੋਂ ਦੀ ਜਨਤਾ ਆਸਾਂ ਦੇ ਸਿਲਸਿਲੇ ਵਿਚ ਬਹੁਤ ਮਜਬੂਰ ਹੈ। ਉਹ ਲੋਕ ਕੋਈ ਖਾਹਿਸ਼ ਵੀ ਨਹੀਂ ਰਖ ਸਕਦੇ। ਸਟੋਵ ਉਨ੍ਹਾਂ ਪਾਸ ਪਹਿਲਾਂ ਹੀ ਮੌਜੂਦ ਹਨ। ਕਪੜੇ ? ਉਹ ਵੀ ਢੇਰਾਂ ਦੇ ਢੇਰ ਸੜ ਰਹੇ ਹਨ। ਟੈਲੀਵਿਯਨ ? ਉਹ ਵੀ ਹਾਜ਼ਰ ਹੈ। ਫ੍ਰਿਜ ? ਉਹ ਵੀ ਇਕ ਕੋਨੇ ਵਿਚ ਪਿਆ ਹੈ। ਗੱਡੀ ਹਰ ਘਰ ਦੇ ਬਾਹਰ ਖੜੀ ਹੈ। ਚੰਦ ? ਉਥੋਂ ਤਕ ਵੀ ਪਹੁੰਚ ਗਏ। ਹੁਣ ਕੀ ਕਰਨ, ਕਿਸਦੀ ਇੱਛਾ ਕਰਨ ਬੇਚਾਰੇ ? ਮੈਨੂੰ ਇਨ੍ਹਾਂ ਲੋਕਾਂ ਉਤੇ ਬਹੁਤ ਤਰਸ ਆਉਂਦਾ ਹੈ। ਅਤੇ ਇਕ ਅਸੀਂ ਹਾਂ, ਜਿਨੀਆਂ ਚਾਹੇ ਇੱਛਾਵਾਂ ਰਖ ਸਕਦੇ ਹਾਂ, ਕੋਈ ਟੈਕਸ ਦਿਤੇ ਬਿਨਾਂ। ਸਗੋਂ ਮੇਰੇ ਕੋਲ ਤਾਂ ਅਜ ਕਲ ਇਛਾਵਾਂ ਦਾ ਏਨਾ ਸਟਾਕ ਜਮਾਂ ਹੋ ਗਿਆ ਹੈ ਕਿ ਸੋਚਦਾ ਹਾਂ ਕਿ ਉਨ੍ਹਾਂ ਨੂੰ ਕਲੀਅਰੈਂਸ ・ ਸੇਲ ਤੇ ਵੇਚ ਦੇਵਾਂ। ਫਿਰ ਸੋਚਦਾ ਹਾਂ ਕਿ ਖਰੀਦੇਗਾ ਕੌਣ ? ਇਸ ਲਈ ਇਹ ਇੱਛਾ ਵੀ ਆਖਰ ਇੱਛਾ ਹੀ ਹੈ।

ਸਟੋਵ ਚੁਕ ਕੇ ਨੁੱਕਰ ਤੇ ਗਿਆ। ਛੇ ਆਨੇ ਵਿਚ ਸਟੋਵ ਠੀਕ ਕਰਵਾ ਲਿਆਇਆ। ਫੇਰ ਵੀ ਸਟੋਵ ਨਹੀਂ ਬਲਿਆ ਤਾਂ ਪਤਾ ਲਗਾ ਕਿ ਘਰ ਵਿਚ ਮਿੱਟੀ ਦਾ ਤੇਲ ਨਹੀਂ ਹੈ। ਮਿੱਟੀ ਤਾਂ ਬਹੁਤ ਹੈ, ਪਰ ਉਸਦਾ ਤੇਲ ਨਹੀਂ ਹੈ। ਮਿੱਟੀ ਦੇ ਤੇਲ ਦੀ ਬੋਤਲ ਚੁਕ ਕੇ ਉਸ ਦੀ ਸੁਗੰਧ ਸੁੰਘਦਾ ਹੋਇਆ ਆਪਣੀਆਂ ਰੰਗ ਬਰੰਗੀਆਂ ਇਛਾਵਾਂ ਨਾਲ ਖੇਡਦਾ ਹੋਇਆ ਰਾਸ਼ਨ ਦੀ ਦੁਕਾਨ ਤੇ ਪਹੁੰਚਾ ਤਾਂ ਪਤਾ ਲਗਾ ਕਿ ਮਿੱਟੀ ਦਾ ਤੇਲ ਸ਼ਾਮ ਨੂੰ ਪੰਜ ਵਜੇ ਆਏਗਾ। ਆਮ ਤੌਰ ਤੇ ਗਿਆਰਾਂ ਵਜੇ ਤਿੰਨ ਪਹੀਆਂ ਵਾਲਾ ਟਰੇਲਰ ਆਉਂਦਾ ਹੈ। ਉਸ ਟਰੇਲਰ ਵਿਚ ਗਿੱਲੇ ਰੰਗ ਦਾ ਇਕ ਵੱਡਾ ਡਰੱਮ ਰਖਿਆ ਹੁੰਦਾ ਹੈ, ਜਿਸ ਦੇ ਹੇਠਾਂ ਇਕ ਨਲਕੀ ਲਗੀ ਹੁੰਦੀ ਹੈ। ਉਹ ਡਰੰਮ ਮਿੱਟੀ ਦੇ ਤੇਲ ਨਾਲ ਭਰਿਆ ਹੁੰਦਾ ਹੈ ਤੇ ਉਸ ਨੂੰ ਦੇਖਦੇ ਹੀ ਪਤਾ ਨਹੀਂ ਕਿਸ ਤਰ੍ਹਾਂ ਘਰ ਘਰ ਵਾਇਰਲੈਸ ਪਹੁੰਚ ਜਾਂਦੀ ਹੈ। ਔਰਤਾਂ ਮਰਦ, ਬੱਚੇ, ਨੌਕਰ, ਮਿੱਟੀ ਦੇ ਤੇਲ ਦੀਆਂ ਖਾਲੀ ਬੋਤਲਾਂ ਡੱਬੇ ਪੀਪੇ ਜਾਂ ਜਿਹੜਾ ਵੀ ਭਾਂਡਾ ਮਿਲੇ, ਉਹ ਚੁਕੀ ਨੱਸੇ ਨੱਸੇ ਚਲੇ ਆਉਂਦੇ ਸਨ। ਤਿੰਨ ਪਹੀਆਂ ਵਾਲੇ ਟਰੇਲਰ ਦ ਚਾਰੇ ਪਾਸੇ ਭੀੜ ਇਕਠੀ ਹੋ ਜਾਂਦੀ ਹੈ। ਧੱਕਮ ਧਕਾ



Namdhari Elibrary NamdhariElibrary@gmail com

ਹੁੰਦਾ ਹੈ ਹੈ ਕਿ ਬੰਦਾ ਉਸ ਭੀੜ ਨੂੰ ਨਾ ਦੇਖੇ ਤਾਂ ਸਿਰਫ ਅੱਖਾਂ ਬੰਦ ਕਰਕੇ ਉਸ ਦਾ ਰੌਲਾ ਸੁਣੇ ਤਾਂ ਇੰਜ ਲਗੇ ਜਿਵੇਂ ਕਿਤੇ ਕੁੱਤੇ ਲੜ ਰਹੇ ਹਨ। ਕਦੀ ਕਦੀ ਕੁੱਤਾ ਬਣ ਜਾਣ ਨੂੰ ਬਹੁਤ ਜੀ ਕਰਦਾ ਹੈ। ਕਿਹੋ ਜਿਹਾ ਆਜ਼ਾਦ ਨਿਡਰ ਜੀਵਨ ਹੈ ਉਸਦਾ—ਜਿਥੇ ਜੀ ਕੀਤਾ ਚਲ ਪਏ, ਜਿਸ ਕੂੜੇ ਦੇ ਢੇਰ ਤੇ ਚਾਹਿਆ ਮੂੰਹ ਮਾਰ ਦਿਤਾ, ਜਿਸ ਉਤੇ ਚਿੱਤ ਕੀਤਾ ਭੌਂਕ ਲਿਆ, ਜਦੋਂ ਦਿਲ ਕੀਤਾ ਲੱਤ ਚੁਕ ਕੇ ਪੇਸ਼ਾਬ ਕਰ ਦਿਤਾ। ਪਰ ਅਸੀਂ ਕੁੱਤੇ ਨਹੀਂ ਹਾਂ, ਅਸੀਂ ਇਨਸਾਨ ਹਾਂ, ਅਸੀਂ ਸਭਿਅਤਾ ਦੇ ਪੀਲੇ ਡਰੰਮ ਦੇ ਚਾਰੇ ਪਾਸੇ ਜਮਾਂ ਹਾਂ ਅਤੇ ਮਿੱਟੀ ਦੇ ਤੇਲ ਦੀ ਇੱਛਾ ਰਖਦੇ ਹਾਂ।

ਬਨੀਏ ਨੇ ਜਦੋਂ ਸੂਚਨਾ ਦਿਤੀ ਕਿ ਮਿੱਟੀ ਦਾ ਤੇਲ ਪੰਜ ਵਜੇ ਆ ਜਾਏਗਾ, ਤਾਂ ਖੁਸ਼ੀ ਦੇ ਮਾਰੇ ਦਿਲ ਉਛਲ ਗਿਆ। ਫੇਰ ਇਕ ਦਮ ਧੱਕ ਕਰਕੇ ਬੈਠ ਗਿਆ, ਕਿਉਂਕਿ ਹਾਲੇ ਤਾਂ ਸਵੇਰੇ ਦੇ ਸਿਰਫ ਗਿਆਰਾਂ ਹੀ ਵੱਜੇ ਹਨ ਅਤੇ ਮਿੱਟੀ ਦਾ ਤੇਲ ਪੰਜ ਵਜੇ ਆਏਗਾ। ਉਦੋਂ ਤਕ ਖਾਣਾ ਕਿਵੇਂ ਪੱਕੇਗਾ ? ਘਰ ਵਿਚ ਸਾਰੇ ਭੁੱਖੇ ਹਨ।

ਘਰ ਆ ਕੇ ਸਲਾਹ ਕੀਤੀ ਤਾਂ ਪਤਾ ਲਗਾ ਕਿ ਇਕ ਚੀਜ਼ ਹੁੰਦੀ ਹੈ ਅੰਗੀਠੀ। ਲੋਹੇ ਦੀ ਅੰਗੀਠੀ ਦੇਖੀ ਹੈ। ਉਸ ਵਿਚ ਕੋਲਾ ਬਲਦਾ ਹੈ। ਕੋਲਾ ਬਾਲਣ ਨਾਲ ਧੂੰਆਂ ਨਿਕਲਦਾ ਹੈ। ਕਦੇ ਕਦੇ ਉਸ ਵਿਚੋਂ ਅੱਗ ਵੀ ਨਿਕਲਦੀ ਹੈ, ਜਿਹੜੀ ਖਾਣਾ ਪੱਕਣ ਦੇ ਬਾਦ ਬੁਝ ਜਾਂਦੀ ਹੈ। ਫਿਰ ਵੀ ਖਾਣਾ ਪਕਾਉਣ ਦੇ ਸਿਲਸਿਲੇ ਵਿਚ ਅੰਗੀਠੀ ਬਹੁਤ ਕੰਮ ਦੀ ਚੀਜ਼ ਹੈ।

ਅੰਗੀਠੀ ਦੇ ਸਿਲਸਿਲੇ ਵਿਚ ਸਾਰੀ ਜਾਣਕਾਰੀ ਲੈ ਕੇ ਕਬਾੜੀਏ ਦੇ ਗਿਆ, ਲੋਹੇ ਦੀ ਅੰਗੀਠੀ ਖਰੀਦਣ ਲਈ। ਉਸ ਨੇ ਦਸਿਆ, ਨਿਰਸੰਦੇਹ ਮੈਂ ਲੋਹੇ ਦੀ ਸੈਕੰਡਹੈਂਡ ਅੰਗੀਠੀ ਖਰੀਦਦਾ ਹਾਂ, ਵੇਚਦਾ ਨਹੀਂ।

"ਵੇਚਦੇ ਕਿਉਂ ਨਹੀਂ ?" ਮੈਂ ਉਸ ਤੋਂ ਪੁਛਿਆ।

"ਸੈਕੰਡ ਹੈਂਡ ਅੰਗੀਠੀ ਨੂੰ ਵੇਚਣ ਤੋਂ ਉਹ ਲਾਭ ਨਹੀਂ ਹੁੰਦਾ ਜੋ ਉਸ ਨੂੰ ਸਕਰੈਪ ਆਇਰਨ ਕਰਕੇ ਵੇਚਣ ਦੇ ਨਾਲ ਹੁੰਦਾ ਹੈ।"

"ਤਾਂ ਮੈਂ ਕੀ ਕਰਾਂ ? ਮੈਨੂੰ ਤਾਂ ਲੋਹੇ ਦੀ ਸੈਕੰਡ ਹੈਂਡ ਅੰਗੀਠੀ ਚਾਹੀਦੀ ਹੈ।"

"ਤਾਂ ਨਵੀਂ ਖਰੀਦੋ।"

ਘਰ ਆ ਕੇ ਫੇਰ ਸਲਾਹ ਕੀਤੀ। ਨਵੀਂ ਅੰਗੀਠੀ ਖਰੀਦਣ ਲਈ ਜਿਹੜੇ ਪੈਸੇ ਘਟਦੇ ਸਨ, ਉਹ ਪੂਰੇ ਕੀਤੇ। ਬਾਜ਼ਾਰ ਗਿਆ, ਨਵੀਂ ਅੰਗੀਠੀ ਖਰੀਦ ਕੇ ਲਿਆਇਆ। ਕਿਚਨ ਵਿਚ ਨਵੀਂ ਅੰਗੀਠੀ ਰਖ ਕੇ ਕੋਲੇ ਵਾਲੇ ਦੀ ਦੁਕਾਨ ਤੋਂ ਕੋਲੇ ਲੈਣ ਗਿਆ। ਉਹ ਬੋਲਿਆ "ਕੋਲੇ ਵਾਲੀ ਲਾਰੀ ਸ਼ਾਮ ਨੂੰ ਸੱਤ ਵਜੇ ਆਵੇਗੀ।"

"ਕੀ ਕਿਹਾ, ਉਹ ਇਸ ਸਮੇਂ ਨਹੀਂ ਆਏਗੀ ?"

ਕੋਲੇ ਵਾਲਾ ਬੋਲਿਆ "ਪਰ ਸੱਤ ਵਜੇ ਤਾਂ ਲਾਰੀ ਆਏਗੀ ਉਸ ਵਿਚੋਂ ਵੀ ਤੁਹਾਨੂੰ ਕੋਲੇ ਨਹੀਂ ਮਿਲ ਸਕਣਗੇ।"

"ਕਿਉਂ ਨਹੀਂ ਮਿਲ ਸਕਣਗੇ ?" ਮੈਂ ਪੁਛਿਆ।

ਕੋਲੇ ਵਾਲਾ ਮੁਸਕਰਾ ਕੇ ਬੋਲਿਆ, "ਆਪਣੇ ਸਾਰੇ ਗਾਹਕਾਂ ਨੂੰ ਮੈਂ ਪਹਿਚਾਣਦਾ ਹਾਂ। ਤੁਸੀਂ ਪਹਿਲੀ ਵਾਰ ਮੇਰੀ ਦੁਕਾਨ ਤੇ ਆਏ ਹੋ। ਮੈਂ ਤਾਂ ਸਿਰਫ ਆਪਣੇ ਸਥਾਈ ਗਾਹਕਾਂ ਨੂੰ ਕੋਲੇ ਦਿੰਦਾ ਹਾਂ।"

ਹੁਣ ਭੁੱਖ ਜ਼ੋਰ ਪਾ ਰਹੀ ਸੀ, ਇਸ ਲਈ ਮੈਂ ਉਸ ਤੋਂ ਪੁਛਿਆ "ਸਥਾਈ ਗਾਹਕ ਬਨਾਉਣ ਦੀਆਂ ਕੀ ਸ਼ਰਤਾਂ ਹਨ ?"

ਉਹ ਬੋਲਿਆ "ਮੇਰੀ ਦੁਕਾਨ ਵਿਚ ਇਕ ਰੁਪਏ ਦਾ ਫਾਰਮ ਮਿਲਦਾ ਹੈ, ਪਹਿਲਾਂ ਉਹ ਭਰੋ। ਆਪਣਾ ਨਾਮ, ਪਿਤਾ ਦਾ ਨਾਮ, ਆਪਣਾ ਕੰਮ, ਆਪਣੇ ਕੰਮ ਦੀ ਕੀਮਤ, ਘਰ ਦਾ ਪਤਾ, ਘਰ ਦਾ ਕਿਰਾਇਆ, ਸਭ ਲਿਖੋ। ਇਨਕਮ ਟੈਕਸ ਕਿੰਨਾ ਦਿੰਦੇ ਹੋ ? ਬੈਂਕ ਦਾ ਹਿਸਾਬ ਕੀ ਹੈ ? ਮਹੀਨੇ ਵਿਚ ਕਿੰਨੇ ਕੋਲੇ ਚਾਹੀਦੇ ਨੇ ?

ਮੈਂ ਕਿਹਾ, "ਆਪਣੇ ਘਰ ਤਾਂ ਇਕ ਮਹੀਨੇ ਵਿਚ ਸ਼ਾਇਦ ਬਾਰਾਂ-ਤੇਰਾਂ ਰੁਪਏ ਦਾ ਮਿੱਟੀ ਦਾ ਤੇਲ ਜਲਦਾ ਹੈ।" ਕੋਲੇ ਵਾਲੇ ਨੇ ਹਿਸਾਬ ਲਾ ਕੇ ਕਿਹਾ "ਤਾਂ ਬਾਈ ਰੁਪਏ ਦੇ ਕੋਲੇ ਬਲਣਗੇ। ਬਾਈ ਰੁਪਏ ਅਡਵਾਂਸ ਲਵਾਂਗੇ— ਬਾਕੀ ਰਕਮ ਲਈ ਜ਼ਮਾਨਤ।"

"ਜ਼ਮਾਨਤ ਕਾਹਦੇ ਲਈ ?"

"ਜੇਕਰ ਤੂੰ ਮਹੀਨੇ ਮਗਰੋਂ ਬਾਕੀ ਰੁਪਏ ਨਾ ਦੇਵੇਂ ਤਾਂ ?" ਕੋਲੇ ਵਾਲੇ ਨੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਪੁਛਿਆ।

ਮੈਂ ਘਰ ਵਾਪਸ ਆ ਗਿਆ। ਘਰ ਆ ਕੇ ਫੇਰ ਸਲਾਹ ਕੀਤੀ। ਪਰ ਹੁਣ ਸਲਾਹ ਦੀ ਸੀਮਾ ਤੋਂ ਘਰ ਵਾਲੇ ਉਕਤਾ ਗਏ ਸਨ। ਅਜਿਹੀ ਭੁਖ ਲਗੀ ਸੀ ਉਨ੍ਹਾਂ ਨੂੰ ਕਿ ਕਿਤੇ ਮੈਨੂੰ ਕੱਚਾ ਹੀ ਨਾ ਖਾ ਜਾਣ। ਇਸ ਲਈ ਮੈਂ ਰੁਪਏ ਲੈ ਕੇ ਇਕ ਦਮ ਨੱਸ ਕੇ ਵਾਪਸ ਕੋਲੇ ਦੀ ਦੁਕਾਨ ਤੇ ਗਿਆ। ਫਾਰਮ ਭਰਿਆ, ਇਕ ਰੁਪਿਆ ਦਿਤਾ। ਦੂਜਾ ਫਾਰਮ ਭਰਿਆ, ਦਸ ਰੁਪਏ ਅਡਵਾਂਸ ਦਿਤੇ। ਅਡਵਾਂਸ ਲੈ ਕੇ ਕੋਲੇ ਵਾਲੇ ਨੇ ਰਸੀਦ ਉਤੇ ਆਪਣੀ ਮੋਹਰ ਲਾਈ। ਠੀਕ ਉਸੇ ਸਮੇਂ ਚੇਤੇ ਆਇਆ ਕਿ ਬਚਪਨ ਵਿਚ ਕਦੇ ਪੜ੍ਹਿਆ ਸੀ, "ਅਸ਼ਰਫੀਆਂ ਲੁੱਟਣ ਕੋਲੇ ਸਿਰ ਮੋਹਰ।"



Namdhari Elibrary NamdhariElibrary@gmail.com

ਉਸ ਸਮੇਂ ਸਮਝ ਵਿਚ ਨਹੀਂ ਆਇਆ ਸੀ ਕਿ ਕੋਲਿਆਂ ਉਤੇ ਮੋਹਰ ਕਿਵੇਂ ਲਾਈ ਜਾਂਦੀ ਹੈ, ਅੱਜ ਸਮਝ ਵਿਚ ਆਇਆ। ਅਡਵਾਂਸ ਲੈ ਕੇ ਅਤੇ ਉਸ ਨੂੰ ਸੰਦੂਕਚੀ ਵਿਚ ਬੰਦ ਕਰਕੇ ਕੋਲੇ ਵਾਲੇ ਨੇ ਦਸਿਆ, 'ਹੁਣੇ ਹੁਣੇ ਕੋਲੇ ਦੇ ਡਿਪੂ ਤੋਂ ਫੋਨ ਆਇਆ ਹੈ, ਕੋਲੇ ਦਾ ਸਟਾਕ ਖਤਮ ਹੋ ਗਿਆ ਹੈ। ਜੋ ਲਾਰੀ ਅਜ ਸ਼ਾਮ ਨੂੰ ਆਉਣ ਵਾਲੀ ਸੀ, ਉਹ ਹੁਣ ਕਲ੍ਹ ਸ਼ਾਮ ਦੇ ਸੱਤ ਵਜੇ ਆਏਗੀ।" ਇਹ ਸੁਣ ਕੇ ਦੂਜੀ ਕਹਾਵਤ ਯਾਦ ਆਈ, 'ਕੋਲੇ ਦੀ ਦਲਾਲੀ ਵਿਚ ਮੂੰਹ ਕਾਲਾ', ਪਰ ਅੱਜ ਮੂੰਹ ਹੀ ਕਾਲਾ ਨਹੀਂ ਹੁੰਦਾ, ਦਿਲ ਵੀ ਕਾਲਾ ਹੁੰਦਾ ਹੈ।

ਨਿਰਾਸ਼ ਹੋ ਕੇ ਘਰ ਪਰਤਿਆ। ਹੁਣ ਇਕ ਵੱਜ ਚੁਕਾ ਸੀ, ਮੈਂ ਘਰ ਵਾਲਿਆਂ ਨੂੰ ਸਮਝਾਇਆ, ਅੱਜ ਦੁਪਹਿਰ ਦਾ ਖਾਣਾ ਕਿਸੇ ਵੀ ਤਰ੍ਹਾਂ ਨਹੀਂ ਪੱਕ ਸਕਦਾ। ਤੁਸੀਂ ਸਾਰੇ ਜਣੇ ਠੰਢੇ ਪਾਣੀ ਦਾ ਇਕ ਇਕ ਗਲਾਸ ਪੀਓ ਅਤੇ ਪਰਮਾਤਮਾ ਦਾ ਸ਼ੁਕਰ ਅਦਾ ਕਰੋ। ਸ਼ੁਕਰ ਅਦਾ ਕਰਨ ਲਈ ਪਾਣੀ ਦੀ ਟੂਟੀ ਖੋਲ੍ਹੀ ਗਈ ਤਾਂ ਉਸ ਵਿਚ ਪਾਣੀ ਨਹੀਂ। ਪਤਾ ਲਗਾ ਕਿ ਅਜ ਕਲ੍ਹ ਮਿਊਂਸਪੈਲਟੀ ਦੀ ਟੂਟੀ ਵਿਚ ਪਾਣੀ ਨਹੀਂ ਆਉਂਦਾ ਸਿਰਫ ਆਵਾਜ਼ ਆਉਂਦੀ ਹੈ।

ਖੂਨ ਦਾ ਘੁੱਟ ਭਰ ਕੇ ਰਹਿ ਗਿਆ। ਇਹ ਤਾਂ ਮੈਂ ਐਵੇਂ ਹੀ ਕਹਿ ਦਿਤਾ ਹੈ, ਪਰ ਸੱਚ ਤਾਂ ਇਹ ਹੈ ਕਿ ਅਜ ਕਲ੍ਹ ਖੂਨ ਦਾ ਘੁੱਟ ਪੀਓ ਵੀ ਤਾਂ ਕਿਸਦਾ ? ਆਪਣਾ ਇਸ ਲਈ ਨਹੀਂ ਪੀ ਸਕਦੇ ਕਿ ਨਸਾਂ ਵਿਚ ਖੂਨ ਨਹੀਂ ਹੈ। ਕਿਸੇ ਦੂਜੇ ਦਾ ਇਸ ਲਈ ਨਹੀਂ ਪੀ ਸਕਦੇ ਕਿ ਦੂਜੇ ਦਾ ਖੂਨ ਬਲੱਡ ਬੈਂਕ ਤੋਂ ਮਿਲਦਾ ਹੈ ਅਤੇ ਉਸ ਲਈ ਵੀ ਕਿਸੇ ਡਾਕਟਰ ਦਾ ਸਰਟੀਫਿਕੇਟ ਚਾਹੀਦਾ ਹੈ। ਪੁਰਾਣੀਆਂ ਕਹਾਵਤਾਂ ਨੂੰ ਬਦਲਣ ਦੀ ਬਹੁਤ ਜ਼ਰੂਰਤ ਹੈ, ਇਹੀ ਸੋਚਦੇ ਸੋਚਦੇ ਬਿਲਕੁਲ ਬੇਹਾਲ ਜਿਹਾ ਹੋ ਕੇ ਫਰਸ਼ ਉਤੇ ਚਟਾਈ ਵਿਛਾ ਕੇ ਲੇਟ ਗਿਆ। ਪਤਨੀ ਨੂੰ ਕਿਹਾ, "ਬਿਜਲੀ ਦਾ ਪੱਖਾ ਖੋਲ੍ਹੋ" ਤਾਂ ਪਤਾ ਲਗਾ, ਬਿਜਲੀ ਬੰਦ ਹੈ। ਦੁਪਹਿਰ ਦੇ ਡੇਢ ਵਜੇ ਤੋਂ ਲੈ ਕੇ ਸਾਢੇ ਚਾਰ ਵਜੇ ਤਕ, ਜਦੋਂ ਤਕ ਦਿਨ ਦੀ ਗਰਮੀ ਰਹਿੰਦੀ ਹੈ, ਬਿਜਲੀ ਵੀ ਬੰਦ ਰਹਿੰਦੀ ਹੈ। ਉਂਜ ਦੇਖਿਆ ਜਾਏ ਤਾਂ ਇਕ ਤਰ੍ਹਾਂ ਨਾਲ ਇਹ ਬਹੁਤ ਚੰਗਾ ਹੈ। ਬਿਜਲੀ ਦੇ ਪੱਖੇ ਨਾਲ ਆਰਾਮ ਕਰਨ ਦੀ ਆਦਤ ਪੈ ਜਾਂਦੀ ਹੈ, ਪਰ ਅਜ ਕਲ੍ਹ ਦੇ ਜ਼ਮਾਨੇ ਵਿਚ ਸਾਡੇ ਦੇਸ਼ ਨੂੰ ਕਰੜੀ ਮਿਹਨਤ ਦੀ ਲੋੜ ਹੈ।

ਪਤਾ ਨਹੀਂ ਕਿਵੇਂ ਖਾਲੀ ਪੇਟ ਇਸ ਗਰਮੀ ਦੀ ਹਾਲਤ ਵਿਚ ਊਂਘ ਆ ਗਈ। ਅਚਾਨਕ ਪਤਨੀ ਨੇ ਝੰਜੋੜ ਕੇ ਜਗਾਇਆ। ਅੱਖਾਂ ਖੋਲ੍ਹ ਕੇ ਦੇਖਿਆ, ਉਹ ਮੇਰੇ ਸਿਰਹਾਣੇ ਮਿੱਟੀ ਦੇ ਤੇਲ ਦੀ ਬੋਤਲ ਲਈ ਖੜੀ ਸੀ ਅਤੇ ਘਬਰਾ ਕੇ ਕਹਿ ਰਹੀ ਸੀ, 'ਉਠੋ, ਨੱਸੋ, ਸਾਢੇ ਚਾਰ ਵਜ ਗਏ ਪੰਜ ਵਜੇ ਮਿੱਟੀ ਦਾ ਤੇਲ ਆਉਣ ਵਾਲਾ ਹੈ।"

ਮੈਂ ਹੜਬੜਾ ਕੇ ਉਠਿਆ ਅਤੇ ਲੜਖੜਾ ਕੇ ਨੱਸਾ। ਨੱਸਦੇ ਨੱਸਦੇ ਘਰ ਤੋਂ ਬਾਹਰ ਨਿਕਲ ਗਿਆ। ਨੁੱਕਰ ਤੋਂ ਘੁੰਮ ਕੇ ਤਿੰਨ ਚਾਰ ਗਲੀਆਂ ਨੂੰ ਪਾਰ ਕਰਕੇ ਬਾਜ਼ਾਰ ਵਿਚ ਪਹੁੰਚ ਗਿਆ। ਅਤੇ ਬਣੀਏ ਦੀ ਦੁਕਾਨ ਵੱਲ ਦੁੜਕਣ ਲਗਾ।

ਮੇਰੇ ਹੱਥ ਵਿਚ ਮਿੱਟੀ ਦੇ ਤੇਲ ਦੀ ਬੋਤਲ ਦੇਖ ਕੇ ਅਤੇ ਮੈਨੂੰ ਦੌੜਦੇ ਦੇਖਕੇ ਦੂਜੇ ਬਹੁਤ ਸਾਰੇ ਲੋਕ ਵੀ ਦੌੜਨ ਲਗੇ।

"ਮਿੱਟੀ ਦਾ ਤੇਲ ਆਇਆ, ਮਿੱਟੀ ਦਾ ਤੇਲ ਆਇਆ" ਕਹਿਣ ਲਗੇ। ਕੋਈ ਡਰੰਮ ਚੁਕੀ ਆ ਰਿਹਾ ਸੀ, ਕੋਈ ਪੀਪਾ, ਕੋਈ ਬੋਤਲ, ਕੋਈ ਘਬਰਾਹਟ ਵਿਚ ਘਰ ਤੋਂ ਪਤੀਲੀ ਹੀ ਚੁੱਕ ਲਿਆਇਆ ਸੀ। ਇਕ ਸੱਜਣ, ਜਿਨ੍ਹਾਂ ਪਾਸ ਘਰ ਜਾਣ ਦਾ ਸਮਾਂ ਨਹੀਂ ਸੀ, ਸਿਰ ਤੋਂ ਟੋਪੀ ਲਾਹ ਕੇ ਅਤੇ ਉਸ ਨੂੰ ਆਪਣੇ ਹੱਥ ਵਿਚ ਲੈ ਕੇ ਨੱਸੇ ਜਾ ਰਹੇ ਸਨ, "ਮੈਨੂੰ ਮਿੱਟੀ ਦਾ ਤੇਲ ਦੇ ਦਿਉ, ਮਿੱਟੀ ਦਾ ਤੇਲ।"

ਬਣੀਏ ਦੀ ਦੁਕਾਨ ਤੋਂ ਥੋੜੀ ਦੂਰ ਤਿੰਨ ਪਹੀਆਂ ਇਕ ਗੱਡੀ ਆ ਕੇ ਰੁਕ ਗਈ ਸੀ ਅਤੇ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਥੇ ਭੀੜ ਲਗ ਗਈ ਸੀ। ਉਸੇ ਟਰੇਲਰ ਦੇ ਲਾਗੇ ਇਕ ਲਾਰੀ ਵੀ ਖੜੀ ਸੀ। ਏਨੀ ਦੂਰ ਤੋਂ ਕੁਝ ਠੀਕ ਢੰਗ ਨਾਲ ਦਿਖਾਈ ਨਹੀਂ ਸੀ ਦੇ ਰਿਹਾ। ਲੋਕ, ਲਾਰੀ ਟਰੇਲਰ, ਸਭ ਗੋਲਮੋਲ ਹੋ ਰਹੇ ਸਨ। ਪੁਲੀਸ ਦਾ ਸਿਪਾਹੀ ਸੀਟੀ ਤੇ ਸੀਟੀ ਵਜਾ ਰਿਹਾ ਸੀ, ਪਰ ਕੋਈ ਉਸ ਵਲ ਧਿਆਨ ਨਹੀਂ ਦੇ ਰਿਹਾ ਸੀ। ਪਰ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਪਹਿਲਾਂ ਪਹੁੰਚਣ ਵਾਲਿਆਂ ਨੂੰ ਪਤਾ ਲਗ ਚੁਕਾ ਸੀ ਕਿ ਉਹ ਮਿੱਟੀ ਦੇ ਤੇਲ ਦਾ ਟਰੇਲਰ ਨਹੀਂ ਸੀ। ਅੰਗਰੇਜ਼ੀ ਸਾਬਣ ਵੇਚਣ ਵਾਲੀ ਫਰਮ ਦਾ ਟਰੇਲਰ ਸੀ ਜੋ ਬਾਜ਼ਾਰ ਵਿਚ ਉਸੇ ਬਣੀਏ ਦੀ ਦੁਕਾਨ ਦੇ ਲਾਗੇ ਇਕ ਲਾਰੀ ਨਾਲ ਟਕਰਾ ਗਿਆ।

ਜਦੋਂ ਮੈਂ ਭੀੜ ਦੇ ਲਾਗੇ ਪਹੁੰਚਾ ਤਾਂ ਇਕ ਸੱਜਣ ਆਪਣਾ ਖਾਲੀ ਡੱਬਾ ਹਿਲਾਉਂਦੇ ਹੋਏ ਭੀੜ ਅੰਦਰੋਂ ਨਿਕਲੇ ਅਤੇ ਮੇਰੇ ਵੱਲ ਦੇਖ ਕੇ ਬਹੁਤ ਨਿਰਾਸ਼ਾ ਨਾਲ ਬੋਲੇ, 'ਭਈ ਉਧਰ ਕੋਈ ਮਿੱਟੀ ਦਾ ਤੇਲ ਨਹੀਂ ਹੈ—ਸਿਰਫ ਇਕ ਆਦਮੀ ਐਕਸੀਡੈਂਟ ਵਿਚ ਮਰ ਗਿਆ ਹੈ।"

(ਪੰਜਾਬੀ ਰੂਪ—ਦਲਬੀਰ)



Namdhari Elibrary NamdhariElibrary@gmail.com

# ਬੋਲ ਬਾਣੀ ਦਾ ਸੰਜਮ

ਪ੍ਰੀਤਮ ਸਿੰਘ ਕਵੀ

ਉਂਜ ਤਾਂ ਜੀਵਨ ਵਿਚ ਸੰਜਮ ਹਰ ਗਲੇ ਹੀ ਸੁਖ-ਦਾਈ ਹੈ। ਖਾਣ, ਪੀਣ, ਵਰਤਣ, ਕਰਨ, ਏਥੋਂ ਤਕ ਕਿ ਉਦਾਰਤਾ ਵਿਚ ਵੀ ਸੰਜਮ ਸਹਾਇਤਾ ਕਰਦਾ ਹੈ। ਪਰ ਬਾਣੀ ਦਾ ਸੰਜਮ ਤਾਂ ਸਾਨੂੰ ਅਨੇਕਾਂ ਕਠਿਨਾਈਆਂ ਵਿਚੋਂ ਸਹਿਜੇ ਹੀ ਬਚਾਅ ਲੈਂਦਾ ਹੈ। ਸੰਜਮ ਦਾ ਅਰਥ ਹੈ: ਸੰਕੋਚ ਕੇ ਵਰਤਣਾ।

ਪੰਜਾਬੀ ਦਾ ਇਕ ਅਖਾਣ ਹੈ: ਇਕ ਚੁੱਪ ਤੇ ਸੌ ਸੁਖ, ਇਸ ਨੂੰ ਅਮਲ ਵਿਚ ਲਿਆ ਕੇ ਵੇਖੀਏ ਤਾਂ ਪਤਾ ਲਗਦਾ ਹੈ ਕਿਸੇ ਨੇ ਕਿਵੇਂ ਕੁਜੀ ਵਿਚ ਸਮੁੰਦਰ ਬੰਦ ਕਰ ਰਖਿਆ ਹੈ। ਸਤਿਗੁਰੂਆਂ ਆਖਿਆ ਹੈ: ਜਿਥੇ ਬੋਲਣ ਹਾਰੀਐ ਤਿਥੈ ਚੰਗੀ ਚੁਪ। ਜਿਸ ਬੋਲਣ ਤੋਂ ਅਸਾਂ ਛੁਟਿਆਈ ਹੀ ਜਾਣਾ ਹੈ ਓਥੇ ਚੁਪ ਰਹਿਣਾ ਹੀ ਭਲਾ ਹੈ। ਚੁੱਪ ਰਹਿ ਸਕਣਾ ਤਾਂ ਫ਼ਿਲਾਸਫ਼ਰ ਦੀ ਸ਼ਾਨ ਬਣਾ ਲੈਣੀ ਹੈ—ਬੋਲਿਆਂ ਸਾਡੀ ਅਸਲੀਅਤ ਉਘੜ ਆਉਂਦੀ ਹੈ। ਸੋ ਸੰਭਲ ਕੇ ਅਤੇ ਸੰਜਮ ਨਾਲ ਬੋਲਣਾ ਹੀ ਸਾਡੇ ਹੱਕ ਵਿਚ ਜਾਂਦਾ ਹੈ।

ਬੁੱਧ ਮਤ ਦੇ ਅੱਠ ਸੰਜਮਾਂ ਵਿਚੋਂ ਇਕ ਸੰਜਮ ਬੋਲ-ਬਾਣੀ ਦਾ ਹੈ। ਮਹਾਤਮਾ ਬੁੱਧ ਦੇ ਸਿਧਾਂਤ ਨੂੰ ਪ੍ਰਤੀਪਾਦ ਕਰਦੇ ਤਿੰਨ ਬਾਂਦਰ, ਜਿਹੜੇ ਇਕ ਇਕ ਕਰ ਕੇ ਅੱਖਾਂ, ਕੰਨ ਤੇ ਮੂੰਹ ਉਤੇ ਹੱਥ ਰਖੀ ਬੈਠੇ ਦਿਖਾਏ ਜਾਂਦੇ ਹਨ ਉਹ ਵੀ ਇਹੋ ਦਰਸਾਂਦੇ ਹਨ ਕਿ ਬੁਰਾ ਦੇਖਣ, ਬੁਰਾ ਸੁਣਨ ਤੇ ਬੁਰਾ ਬੋਲਣ ਤੋਂ ਪਰਹੇਜ਼ ਕੀਤਾ ਜਾਏ।

ਸਿਰਫ਼ ਇਹੋ ਇਕੋ ਗੱਲ, ਭੈੜਾ ਬੋਲਣ ਤੋਂ ਪਰਹੇਜ਼, ਅਥਵਾ ਬੋਲਣ ਦਾ ਸੰਜਮ ਜੇ ਥੋੜੇ ਜਿਹੇ ਅਭਿਆਸ ਨਾਲ ਅਪਣਾ ਲਈਏ ਤਾਂ ਕਿੰਨੀਆਂ ਸਾਰੀਆਂ ਬੇਲੋੜੀਆਂ ਜ਼ਹਿ-ਮਤਾਂ, ਲੜਾਈਆਂ ਤੇ ਬੇ-ਸੁਆਦੀਆਂ ਤੋਂ ਬਚ ਸਕਦੇ ਹਾਂ।

ਵਡੀਆਂ ਗਲਾਂ ਦਾ ਤਾਂ ਜ਼ਿਕਰ ਹੀ ਛਡੋ ਜੇਕਰ ਛੋਟੀਆਂ ਗੱਲਾਂ ਨੂੰ ਹੀ ਸੋਚ ਸੰਭਲ ਕੇ ਕਰਨ, ਉਹਨਾਂ ਦੇ ਸਿੱਟੇ ਨੂੰ ਨਜ਼ਰ ਵਿਚ ਰਖ ਕੇ ਕਰਨ ਦੀ ਆਦਤ ਬਣਾ ਲਈਏ ਤਾਂ ਵੱਡੇ ਕਲੇਸ਼ ਵੀ ਪੈਦਾ ਹੋਣੋਂ ਰੁਕ ਜਾਣ। ਜਦੋਂ ਕਿਸੇ ਪੰਜਾਬੀ ਬਜ਼ੁਰਗ ਨੇ ਇਹ ਕਹਾਵਤ ਘੜੀ ਕਿ "ਗੱਲ ਕਹਿੰਦੀ ਹੈ ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਪਿੰਡੋਂ ਕਢਾਂਗੀ।" ਉਸ ਪਿਛੇ ਵੀ ਇਹੋ ਰਾਜ਼ ਸੀ ਕਿ ਬਾਣੀ ਦਾ ਰਾਜ਼ ਹੀ ਮਨੁਖ ਨੂੰ ਸੁਖੀ ਬਣਾਂਦਾ ਹੈ। ਕੋਈ ਐਸੀ ਗੱਲ ਨਾ ਹੀ ਕੀਤੀ ਜਾਇ ਜਿਸ ਤੋਂ ਬਾਅਦ ਵਿਚ ਪਛਤਾਣਾ ਪਵੇ।

ਇੰਜ ਸਮਝੋ ਜਿਵੇਂ ਸਾਡੇ ਦਿਮਾਗ਼ ਵਿਚ ਲੱਖਾਂ ਕਰੋੜਾਂ ਪੁਸ਼ਪ-ਬਾਣ, ਤਿਖੇ ਤੇ ਅਣੀਆਲੇ ਤੀਰ ਅਤੇ ਜ਼ਹਿਰ ਬੁਝੇ ਅਸਤਰ ਭਰੇ ਪਏ ਹੋਣ ਅਤੇ ਇਨ੍ਹਾਂ ਨੂੰ ਚਲਾਣ ਵਾਲਾ, ਤੀਰ-ਅੰਦਾਜ਼ ਕੇਵਲ ਸਾਡੀ ਜ਼ਬਾਨ ਹੋਵੇ। ਏਥੇ ਸਾਡੀ ਸੋਝੀ ਹੀ ਮਦਦ ਕਰ ਸਕਦੀ ਹੈ ਕਿ ਉਹ ਤੀਰ ਅੰਦਾਜ਼ ਨੂੰ ਕਿਹੋ ਜਿਹੇ ਹਥਿਆਰ ਚਲਾਣ ਨੂੰ ਦੇ ਰਹੀ ਹੈ। ਜੇਕਰ ਫੁਲ-ਬਰਖਾ ਸਾਡੀ ਜ਼ਬਾਨ ਕਰ ਰਹੀ ਹੈ ਤਾਂ ਕੋਈ ਕਾਰਨ ਨਹੀਂ ਕਿ ਸਾਨੂੰ ਹਾਨੀ ਪਹੁੰਚੇ, ਪਰ ਜੇ ਇਸ ਦੇ ਉਲਟ, ਅਸੀਂ ਜ਼ਹਿਰ ਬੁਝੇ ਜਾਂ ਅਣੀਦਾਰ ਤੀਰ ਚਲਾ ਰਹੇ ਹਾਂ ਤਾਂ ਸੁਖ ਦੀ ਕਲਪਨਾ ਕਰਨਾ ਇਕ ਭਰਮ ਹੀ ਹੈ।

ਮਹਾ ਭਾਰਤ ਦਾ ਸਾਰਾ ਜੰਗ ਜਿਸ ਵਿਚ ਅਠਾਰਾਂ ਖੂਹਣੀਆਂ ਫ਼ੌਜ ਜਾਨ ਤੋਂ ਹੱਥ ਧੋ ਬੈਠੀ ਕੇਵਲ ਇਕ



Namdhari Elibrary NamdhariElibrary@gmail.com

ਇਸਤਰੀ ਦੇ ਆਖੇ ਬੇਵਿਚਾਰੇ ਸ਼ਬਦਾਂ ਕਾਰਨ ਹੀ ਹੋਈ। ਤਾਂ ਹੀ ਸਿਆਣੇ ਕਹਿੰਦੇ ਹਨ ਤੇਜ਼ ਹਥਿਆਰਾਂ ਦੇ ਜ਼ਖ਼ਮ ਤਾਂ ਮਿਲ ਜਾਂਦੇ ਹਨ ਪਰ ਬੋਲੀ ਦੇ ਫੱਟ ਕਦੇ ਨਹੀਂ ਮਿਲਦੇ। ਇਹ ਸਾਰੀਆਂ ਗੱਲਾਂ ਬਾਣੀ ਦੇ ਸੰਜਮ ਦੀ ਜ਼ਰੂਰਤ ਦਸਦੀਆਂ ਹਨ।

ਲੋਕਾਂ ਦੇ ਝਗੜਿਆਂ ਦੀ ਪੁਣਛਾਣ ਕਰਦਿਆਂ ਸਪੱਸ਼ਟ ਹੁੰਦਾ ਹੈ ਕਿ ਕਿਸੇ ਨਿੱਕੀ ਜਿੰਨੀ ਗੱਲ ਤੋਂ ਹੀ ਵਧਾਣ ਵਧਦਾ ਹੈ। ਏਸੇ ਨੂੰ ਸਿਆਣਿਆਂ ਬਾਤ ਦਾ ਬਤੰਗੜ ਬਣਨਾ ਆਖਿਆ ਹੈ। ਲੱਸੀ ਤੇ ਲੜਾਈ ਦਾ ਵਾਧਾ, ਪਾਣੀ ਪਾਉਣਾ ਤੇ ਪਾਣੀ ਮਾਰੀਆਂ ਗੱਲਾਂ ਕਰੀ ਜਾਣਾ ਹੀ ਹੈ।

ਵਿਸਥਾਰ ਦੇ ਡਰੋਂ ਦੋ ਕੁ ਮਿਸਾਲਾਂ ਹੀ ਪੇਸ਼ ਹਨ:

ਫਗਵਾੜੇ ਤੋਂ ਰਾਣੀਪੁਰ ਵਲ ਬਸ ਤੇ ਜਾਂਦਿਆਂ ਕੰਡਕਟਰ ਤੋਂ ਇਕ ਸਵਾਰੀ ਨੇ ਟਿਕਟ ਮੰਗੀ। ਟਿਕਟ ਕੇਵਲ 30—40 ਪੈਸੇ ਦੀ ਸੀ। ਇਸ ਦੀ ਥਾਂ ਪੰਜ ਰੁਪਏ ਦਾ ਨੋਟ ਸਵਾਰੀ ਨੇ ਕੰਡਕਟਰ ਵਲ ਵਧਾਇਆ। 'ਘਰੋਂ ਭਾਨ ਲੈ ਕੇ ਤੁਰਿਆ ਕਰੋ। 30 ਪੈਸੇ ਦਾ ਸਫਰ ਕਰਨਾ ਹੁੰਦਾ ਹੈ ਪੰਜ ਰੁਪੈ ਦਾ ਨੋਟ ਮੱਥੇ ਮਾਰਦੇ ਨੇ।" ਕੰਡਕਟਰ ਨੇ ਇਹ ਕਹਿੰਦਿਆਂ ਬੁਰੀ ਤਰ੍ਹਾਂ ਸਵਾਰੀ ਵਲ ਵੇਖਿਆ। ਇਹਦੇ ਉਤਰ ਵਿਚ ਅਗੋਂ ਸੁਣਨ ਨੂੰ ਮਿਲਿਆ: ਮੈਂ ਕੋਈ ਭਾਨ ਦੀ ਫੈਕਟਰੀ ਲਾਈ ਹੋਈ ਏ? ਤੇਰੇ ਕੋਲ ਪੈਸੇ ਹੈਗੇ ਨੇ, ਤੂੰ ਐਵੇਂ ਹੀ ਰਿੱਕਤਾਂ ਛੇੜ ਰਿਹੈਂ।" ਅਤੇ ਏਨੀ ਗੱਲ ਤੋਂ ਚਲਦੀ ਬਸ ਵਿਚ ਉਹ ਹੰਗਾਮਾ ਹੋਇਆ ਕਿ ਇਕ ਦੂਜੇ ਨੂੰ ਬਸੋਂ ਲਾਹੁਣ ਤੇ ਜਾਨੋਂ ਮਾਰ ਦੇਣ ਤਕ ਦੀਆਂ ਗੱਲਾਂ ਚਲ ਪਈਆਂ। ਇਹ ਕੁੜਵਾਹਟ ਕਦੋਂ ਮੁੜ ਕੇ ਪਰੇਮ ਵਿਚ ਬਦਲੇਗੀ—ਸੰਭਾਵਨਾ ਨਹੀਂ।

ਇਸੇ ਤਰ੍ਹਾਂ ਦੀ ਇਕ ਘਟਨਾ ਸਾਡੇ ਗੁਆਂਢ ਚੋਣਾਂ ਦੌਰਾਨ ਚੋਣ-ਝੰਡੀਆਂ ਤੋਂ ਭਿਆਨਕ ਰੂਪ ਧਾਰ ਗਈ। ਇਕ ਘਰ ਦੇ ਚੁਬਾਰੇ ਤੇ ਤਿੰਨ ਚਾਰ ਤਿਰੰਗੀਆਂ—ਦੁਰੰਗੀਆਂ ਝੰਡੀਆਂ ਲਗੀਆਂ ਹੋਈਆਂ ਸਨ। ਕਰਾਏਦਾਰ ਗੁਆਂਢਣ ਦੇ ਬੱਚੇ ਉਹਨਾਂ 'ਚੋਂ ਇਕ ਝੰਡੀ ਲੈਣਾ ਚਾਹੁੰਦੇ ਸਨ। ਬਚਿਆਂ ਦੀ ਮਾਂ ਨੇ ਝੰਡੀਆਂ ਵਾਲੇ ਭਾਈ ਨੂੰ ਵੀ ਆਖਿਆ। 'ਇਕ ਲਾਹ ਲਓ' ਉਸ ਚੁਬਾਰੇ ਵਲ ਇਸ਼ਾਰਾ ਕੀਤਾ। ਜਦੋਂ ਬੱਚੇ ਲਾਹੁਣ ਗਏ ਤਾਂ ਮਾਲਕ-ਮਕਾਨਾਂ ਨੇ ਮੰਦਾ ਫਿਕਾ ਬੋਲਿਆ। ਉੱਤਰ ਵਿਚ ਬੱਚਿਆਂ ਦੀ ਮਾਂ ਦੀ ਸ਼ਬਦਾਵਲੀ ਵਿਚ "ਭਾਸ਼ਣ ਝਾੜਨਾ, ਵੱਡੀ ਰਾਧਾਸੁਆਮਣ, ਵੱਡੀ ਪਾਠਣ" ਆਦਿ ਦੀ ਵਰਤੋਂ ਹੋਣ ਲਗੀ। ਝਗੜਦਿਆਂ ਵੇਖ ਪਤੀ ਨੇ ਬਚਿਆਂ ਦੀ ਮਾਂ ਨੂੰ ਵਰਜਿਆ ਪਰ ਹੁਣ ਉਹ ਵਾਅ ਦੇ ਘੋੜੇ ਚੜ੍ਹ ਚੁਕੀ ਸੀ। ਮਨੁੱਖ ਨੇ ਕ੍ਰੋਧ ਵੱਸ ਹੋ ਕੇ ਚਾਰ ਜੜ ਦਿਤੀਆਂ। ਅੱਖ ਨਿਕਲਣੋਂ ਮਸਾਂ ਬਚੀ। ਘਰ ਵਿਚ ਕਲੇਸ਼ ਸਿਖਰਾਂ ਤੇ ਹੋ ਗਿਆ। ਤੀਵੀਂ ਨੇ ਹਾਲ-ਦੁਹਾਈ ਮਚਾ ਕੇ ਗਲੀ-ਗੁਆਂਢ ਕੱਠਾ ਕਰ ਲਿਆ। ਮਨੁੱਖ ਕਹੇ ਉਹਦਾ ਗੁਸਾ ਜਾਇਜ਼ ਸੀ। ਤੀਵੀਂ ਕਹੇ ਉਹਦੀ ਸ਼ਰੀਕਣਾਂ ਵਿਚ ਪੱਤ ਲਾਹ ਸੁੱਟੀ। ਘਰ ਵਿਚ ਸਾਰਾ ਦਿਨ ਰੋਟੀ ਨਾ ਪਕੀ। ਬੱਚੇ ਵੀ ਭੁਖੇ ਤੇ ਮਾਂ ਬਾਪ ਵੀ ਭੁਖੇ। ਸ਼ਾਮੀਂ ਜਦੋਂ ਕਿਸੇ ਸਿਆਣੇ ਦੀ ਮੁਦਾਖ਼ਲਤ ਤਲਬ ਕੀਤੀ ਗਈ ਤੂੰ-ਤੂੰ ਮੈਂ-ਮੈਂ ਫੇਰ ਵਧ ਗਈ। ਮਨੁੱਖ ਦੇ ਗੁੱਸੇ ਦਾ ਪਾਰਾ ਸਾਰੀਆਂ ਡਿਗਰੀਆਂ ਲੰਘ ਗਿਆ। ਉਹ ਵੱਡਿਆਂ ਦੇ ਕੋਲ ਹੁੰਦਿਆਂ ਔਰਤ ਵਲ ਤਾਂ ਨਾ ਹੋਇਆ ਪਰ ਕੰਧਾਂ ਨਾਲ ਸਿਰ ਮਾਰ ਮਾਰ ਕੇ ਸਿਰ ਪੜਵਾ ਬੈਠਾ। ਬਾਲ ਬੱਚਾ ਡੌਰਿਆ ਭੌਰਿਆ ਖੜਾ ਸੀ, ਵੇਖਣ ਵਾਲੇ ਪਰੇਸ਼ਾਨ ਸਨ, ਤੀਵੀਂ ਮਰਦ ਕਲੇਸ਼ ਦੀ ਭੱਠੀ ਵਿਚ ਭੁਜ ਰਹੇ ਸਨ। ਇਕ ਨਿਕਾ ਜਿਹਾ ਭੈੜਾ ਬੋਲ ਦੋਹਾਂ 'ਚੋਂ ਇਕ ਨੂੰ ਜਾਂ ਆਤਮਘਾਤ ਵਲ ਤੋਰਦਾ ਜਾਂ ਦੂਜੇ ਦਾ ਸਿਰ ਪਾੜਨ ਤਕ ਲੈ ਜਾਂਦਾ।

ਅਜਿਹੀਆਂ ਨਿੱਕੀਆਂ ਨਿੱਕੀਆਂ ਬਦ-ਜ਼ਬਾਨੀਆਂ ਨਿਤ ਦਿਹਾੜੀ ਸਾਡੇ ਆਲੇ ਦੁਆਲੇ ਵਾਪਰਦੀਆਂ ਕਈ ਭਿਆਨਕ ਲੜਾਈਆਂ ਅਤੇ ਦੁਖਾਂਤ ਰਚ ਧਰਦੀਆਂ ਹਨ।

ਇਸ ਲਈ, ਅਸੀਂ ਥੋੜੇ ਜਿਹੇ ਬੋਲ ਬਾਣੀ ਦੇ ਸੰਜਮ ਨਾਲ ਕਈ ਮੁਸ਼ਕਲਾਂ ਤੇ ਮੁਸੀਬਤਾਂ ਤੋਂ ਛੁਟਕਾਰਾ ਪਾ ਸਕਦੇ ਹਾਂ। ਕੁਝ ਲੋਕੀਂ ਕਹਿੰਦੇ ਹਨ ਕਿ ਗੱਲਬਾਤ ਦੇ ਚਲਦੇ ਤੁਬਾਦਲੇ ਵਿਚ ਸੋਚਣ-ਸਮਝਣ ਜੋਗਾ ਸਮਾਂ ਹੀ ਨਹੀਂ ਹੁੰਦਾ ਪਰ ਇਹ ਕਹਿਣਾ ਉਹਨਾਂ ਦਾ ਹੀ ਹੈ ਜੋ ਆਪਣੇ ਆਪ ਨੂੰ ਸੁਧਾਰਨਾ ਨਹੀਂ ਲੋੜਦੇ। ਅੱਜ ਇਹ ਸਾਬਤ ਹੋ ਚੁਕਾ ਹੈ ਕਿ ਸੰਸਾਰ ਵਿਚ ਵਰਤੀਦੀਆਂ ਕੁੱਲ ਮਸ਼ੀਨਾਂ ਨਾਲੋਂ ਮਨੁੱਖ ਦੀ ਦਿਮਾਗੀ ਮਸ਼ੀਨ ਦੇ ਟਾਕਰੇ ਦੀ ਅਜੇ ਤਕ ਕੋਈ ਨਹੀਂ ਬਣੀ — ਦੂਸਰੇ ਮਨੁੱਖੀ ਮਨ ਦਾ ਕੰਪਿਊਟਰ ਜਿੰਨਾ ਛੇਤੀ ਅਮਲ ਕਰ ਸਕਦਾ ਹੈ ਸਾਡੀ ਧਰਤੀ ਦੀ ਸਾਰੀ ਪ੍ਰਗਤੀ ਓਸੇ ਦਾ ਇਕ ਕ੍ਰਿਸ਼ਮਾ ਹੈ। ਸੋ ਜਦੋਂ ਵੀ ਅਸੀਂ ਆਪਣੇ ਸੁਭਾਉ ਨੂੰ ਚੰਗੇਰੇ ਪਾਸੇ ਢਾਲਣ ਬਾਰੇ ਸੋਚ ਲੈਂਦੇ ਹਾਂ ਓਦੋਂ ਤੋਂ ਹੀ ਸਾਡੀ ਨਿਜੀ ਪ੍ਰਕਿਰਤੀ ਸਾਡੀ ਮਦਦ ਤੇ ਆ ਜਾਂਦੀ ਹੈ।

ਅਸੀਂ ਰੋਜ਼ ਵੇਖਦੇ ਹਾਂ: ਮਨੁੱਖ ਸਾਈਕਲਾਂ ਤੇ ਕਿਵੇਂ ਲੱਤਾਂ ਘੁਮਾਂਦੇ ਘੰਟਿਆਂ ਦਾ ਪੰਧ ਮਿੰਟਾਂ ਵਿਚ ਮੁਕਾ ਲੈਂਦੇ ਹਨ। ਪਰ ਪਹਿਲਾਂ ਹਰ ਕਿਸੇ ਨੂੰ ਲੱਤਾਂ ਨਾਲ ਪੈਡਲ ਘੁਮਾਣ ਸਮੇਂ ਹੈਂਡਲ ਫੜਨ ਵਿਚ ਸੰਤੁਲਨ ਕਾਇਮ ਕਰਨਾ ਸਿਖਣਾ ਪੈਂਦਾ ਹੈ। ਥੋੜੇ ਦਿਨਾਂ ਦੇ ਲਗਾਤਾਰ



Namdhari Elibrary NamdhariElibrary@gmail.com

ਅਭਿਆਸ ਨਾਲ ਲੋਹੇ ਦਾ ਘੋੜਾ ਸਾਡੀ ਇਛਾ ਅਨੁਸਾਰ ਕੰਮ ਕਰਨ ਲਗ ਜਾਂਦਾ ਹੈ। ਇੰਜ ਹੀ ਜਦੋਂ ਕੋਈ ਬੁਰੀ ਆਦਤ ਛਡਣ ਅਤੇ ਚੰਗੀ ਪਾਉਣ ਦਾ ਮਨ ਬਣਾ ਲਈਦਾ ਹੈ ਤਾਂ ਬਾਰ ਬਾਰ ਦੇ ਅਭਿਆਸ ਨਾਲ ਸਫਲ ਹੋ ਜਾਈਦਾ ਹੈ।

ਜੇ ਮਨੁੱਖ ਜੂਨ ਦਾ ਬਿਨ ਬੋਲਿਓਂ ਸਰ ਜਾਂਦਾ ਤਾਂ ਇਹ ਵੀ ਆਪਣੇ ਸਮਕਾਲੀ ਪਸ਼ੂ-ਪੰਛੀਆਂ ਵਾਂਗ ਇਕ ਦੋ ਅਵਾਜ਼ਾਂ ਕਢ ਕੇ ਆਪਣਾ ਕੰਮ ਸਾਰ ਲੈਂਦੀ ਪਰ ਮਨੁੱਖ ਸਭ ਤੋਂ ਬਲਵਾਨ ਜੀਵ ਹੋਣ ਕਾਰਨ ਜਤਨ ਕਰਦਾ ਗਿਆ ਅਤੇ ਇਸ ਨੇ ਆਪਣੀ ਜ਼ਬਾਨ ਨੂੰ ਏਨਾ ਲਤੀਫ਼ ਬਣਾ ਲਿਆ ਕਿ ਹੁਣ ਉਹ ਆਪਣੇ ਹਾਵ ਭਾਵ ਤੇ ਹਰ ਪਰਕਾਰ ਦੇ ਜਜ਼ਬੇ ਪਰਗਟ ਕਰਨ ਲਈ ਅਨੇਕਾਂ ਬੋਲੀਆਂ ਵਿਚ ਸਮਰਥ ਹੋ ਗਿਆ ਹੈ।

ਸੋ, ਬੋਲਣਾ ਤਾਂ ਸਾਡੀ ਜ਼ਰੂਰਤ ਹੈ ਪਰ ਕਿੰਨਾ ਅਤੇ ਕੇਸਾ ਬੋਲਣਾ ਹੈ ਇਹ ਹੀ ਵਧਾਆ ਮਨੁੱਖ ਬਣਨ ਲਈ ਸਮਿੱਜਿਆ ਹੈ। ਮਹਾਂ ਪੁਰਸ਼ਾਂ ਨੇ ਤੱਤ ਕਢਿਆ ਹੈ: ਓਥੇ ਅਤੇ ਓਨਾ ਬੋਲੋ ਜਿਸ ਬਿਨਾ ਸਰਦਾ ਨਾ ਹੋਵੇ। ਇਹ ਬਾਣੀ ਦੇ ਸੰਜਮ ਦਾ ਗੁਰ ਹੈ। ਮਹਾਤਮਾ ਗਾਂਧੀ ਜੀ ਨੇ, ਜੋ ਇਸ ਸਦੀ ਦੇ ਪੰਜਵੇਂ ਦਹਾਕੇ ਤਕ ਸਾਡੇ ਨਾਲ ਆਏ, ਹਫਤੇਵਾਰੀ ਮੋਨ ਵਰਤ (ਚੁੱਪ ਰਹਿਣ ਦਾ ਵਰਤ) ਰਖ ਕੇ ਬਾਣੀ ਦੇ ਸੰਜਮ ਦੀ ਜਾਚ ਦੱਸੀ ਹੈ। ਉਹਨਾਂ ਦਾ ਕਥਨ ਹੈ: ਮੋਨ ਸਰਬੋਤਮ ਭਾਸ਼ਣ ਹੈ। ਜੇ ਬੋਲਣਾ ਹੈ ਤਾਂ ਘੱਟ ਤੋਂ ਘੱਟ ਬੋਲੋ। ਇਕ ਸ਼ਬਦ ਨਾਲ ਕੰਮ ਸਰੇ ਤਾਂ ਦੋ ਨਹੀਂ।

ਪਰ ਇਕ ਗੱਲ ਹੋਰ ਵੀ ਸਮਝਣ ਵਾਲੀ ਹੈ।

ਜੇ ਮਨੁੱਖ ਬੋਲੇ ਤਾਂ ਬੜਾ ਘੱਟ ਪਰ ਜਦੋਂ ਬੋਲੇ ਸੱਤੀਂ ਕਪੜੀਂ ਅੱਗ ਲਾਣ ਵਾਲੀ ਗੱਲ ਕਰੇ, ਫਿਰ ? ਫਿਰ ਇਹ ਜ਼ਰੂਰੀ ਹੋ ਗਿਆ ਕਿ ਬੋਲਿਆ ਸੋਚ ਸਮਝ ਕੇ ਜਾਵੇ ਅਤੇ ਮਿੱਠੀ ਜ਼ਬਾਨ, ਭਾਵ ਮਿੱਠੀ ਬੋਲੀ ਨਾਲ ਗੱਲ ਕੀਤੀ ਜਾਵੇ। ਏਸੇ ਲਈ ਕਿਹਾ ਜਾਂਦਾ ਹੈ:

ਕਾਗਾ ਕਾਂ ਕੋ ਧਨ ਹਰੇ ਕੋਇਲ ਕਾਂ ਕੋ ਦੇਇ।  
ਮੀਠੀ ਬੋਲੀ ਬੋਲ ਕੇ ਮਨ ਸਭ ਕਾ ਹਿਰਿ ਲੇਇ।

ਕਾਂ ਦੀ ਬੋਲੀ ਨੂੰ ਰੁੱਖਾ ਤੇ ਕੌੜਾ ਬੋਲਣ ਵਾਲੇ ਨਾਲ ਤੋਲਿਆ ਜਾਂਦਾ ਹੈ ਅਤੇ ਮਿਠਬੋਲੇ ਨੂੰ ਕੋਇਲ ਤੇ ਬੁਲਬੁਲ ਦੀ ਸੰਗੀਤ ਮਈ ਜ਼ਬਾਨ ਨਾਲ ਤੋਲ ਕੇ ਸਲਾਹਿਆ ਜਾਂਦਾ ਹੈ।

ਸਤਿਗੁਰੂਆਂ ਵੀ ਸਿੱਖਾਂ ਨੂੰ ਮਿੱਠਾ ਬੋਲਣ ਦੀ ਪਰੇਰਨਾ ਦਿੰਦਿਆਂ ਆਖਿਆ ਹੈ:

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।  
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।

ਫਿੱਕਾ ਬੋਲ ਨਿਕਲਦਾ ਹੀ ਫਿੱਕੀ ਮਨ-ਅਵਸਥਾ ਚੋਂ ਹੈ। ਅਤੇ ਫਿੱਕੇ ਬੋਲਾਂ ਦਾ ਵਟਾਂਦਰਾ ਵੀ ਆਮ ਕਰ ਕੇ ਫਿੱਕੀ ਗਲਬਾਤ ਨਾਲ ਹੁੰਦਾ ਹੈ। ਕੁਝ ਲੋਕਾਂ ਨੂੰ ਸੱਚ ਬੋਲਣ ਦਾ ਅਖੌਤੀ ਮਰਜ਼ ਹੁੰਦਾ ਹੈ—ਨਾ ਉਹਨਾਂ ਨੂੰ ਸੱਚ ਝੂਠ ਦੀ ਹਕੀਕਤ ਦਾ ਪਤਾ ਹੁੰਦਾ ਹੈ ਤੇ ਨਾ ਹੀ ਉਸ ਸੱਚ ਨੂੰ, ਜੋ ਉਹ ਠੀਕ ਅਰਥਾਂ ਵਿਚ ਸੱਚ ਹੀ ਹੋਵੇ ਤਾਂ, ਪੇਸ਼ ਕਰਨ ਦੀ ਜਾਚ ਹੁੰਦੀ ਹੈ। ਅਜਿਹੇ ਸੱਚ-ਪੁੱਤਰ ਇਸ ਸੰਸਾਰ ਵਿਚ ਮਾਰੇ-ਮਾਰੇ ਫਿਰਦੇ ਅਨੇਕਾਂ ਮਿਲ ਜਾਣਗੇ। ਹਕੀਕਤ ਵਿਚ ਉਹਨਾਂ ਲੋਕਾਂ ਨੂੰ ਨਾ ਆਪਣੀ ਪਛਾਣ ਹੁੰਦੀ ਹੈ ਤੇ ਨਾ ਅਗਲੇ ਦੀ—ਉਹ ਥਾਂ ਪਰ ਥਾਂ ਅੰਦਰਲਾ ਜਹਿਰ ਉਗਲਛਦੇ ਦੂਜਿਆਂ ਨੂੰ ਵੀ ਜ਼ਹਿਰ-ਆਲੂਦਾ ਕਰੀ ਜਾਂਦੇ ਹਨ।

ਸੁਆਮੀ ਤੁਲਸੀ ਦਾਸ ਜੀ ਨੇ ਨਿਖੇੜਾ ਕੀਤਾ ਹੈ:

ਸੱਤਿ ਵਚਨ ਅਰੁ ਪਿਆਰੇ ਜੋਈ।  
ਬੁੱਧੀ ਮਾਨ ਜਨ ਭਾਖਤ ਸੋਈ।

ਕਹਿਣ ਵਾਲੀ ਗੱਲ ਸੱਚੀ ਤਾਂ ਹੋਵੇ ਹੀ, ਪਰ, ਨਾਲ ਪਿਆਰੀ ਵੀ ਹੋਵੇ। ਸਿਆਣੇ ਆਦਮੀ ਅਜਿਹੀਆਂ ਗੱਲਾਂ ਹੀ ਕਰਦੇ ਹਨ ਜੋ ਅਗਲੇ ਦੇ ਹਿਤ ਦੀਆਂ ਹੋਣ ਅਤੇ ਇਸ ਢੰਗ ਨਾਲ ਬਿਆਨਦੇ ਹਨ ਕਿ ਸੁਣਨ ਵਾਲੇ ਦੇ ਹਿਰਦੇ ਵਿਚ ਉਤਰ ਜਾਂਦੀਆਂ ਹਨ।

ਜੀਵਨ ਨੂੰ ਉੱਤਮ ਢੰਗ ਨਾਲ ਬਿਤਾਣ, ਆਪਣੇ ਚੁਗਿਰਦੇ ਵਿਚ ਸ਼ੋਭਾ ਖੱਟਣ ਅਤੇ ਸਦਾ ਹੀ ਸੁਖ ਦਾ ਵਾਪਾਰ ਕਰਨ ਲਈ ਇਹ ਗੱਲਾਂ ਯਾਦ ਰਖਕੇ ਅਤੇ ਅਭਿਆਸ ਦਾ ਹਿੱਸਾ ਬਣਾ ਕੇ ਇਹਨਾਂ ਤੋਂ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ ਕਿ:

ਇਕ—ਘੱਟ ਤੋਂ ਘੱਟ ਬੋਲਿਆ ਜਾਵੇ। ਲੋੜ ਤੋਂ ਵੱਧ ਗੱਲਾਂ ਨਾ ਕੀਤੀਆਂ ਜਾਣ।

ਦੋ—ਗੱਲ ਨੂੰ ਕਰਨ ਦਾ ਢੰਗ ਮਿੱਠਾ ਪਿਆਰਾ ਬਣਾਇਆ ਜਾਵੇ, ਸ਼ਬਦ ਸੁਖਾਵੇਂ ਅਤੇ ਸੁਣਨ ਵਾਲੇ ਲਈ ਹਿਤ ਭਰੇ ਹੋਣ।

ਤਿੰਨ—ਅਜਿਹੇ ਸੱਚ ਨੂੰ ਤਿਆਗਿਆ ਜਾਇ ਜਿਸ ਦੇ ਕਹਿਣ ਕਥਨ ਨਾਲ ਦੁਬਿਧਾ, ਦਵੇਸ਼ ਤੇ ਦੁਖ ਵਧੇ।

ਚੰਗੀ ਸ਼ਬਦਾਵਲੀ ਦਾ ਭੰਡਾਰ ਭਰਪੂਰ ਕਰਨ ਲਈ ਦੁਨੀਆਂ ਭਰ ਦੇ ਮਹਾਂਪੁਰਸ਼ਾਂ ਦੀਆਂ ਰਚਨਾਵਾਂ ਪੜ੍ਹਦੇ ਸੁਣਦੇ ਰਹਿਣਾ ਚਾਹੀਦਾ ਹੈ। ਜਿਸ ਨੇ ਦੁਨੀਆਂ ਤੋਂ ਉਪਰ ਉਠਣਾ ਹੈ ਉਸ ਦੇ ਗਿਆਨ-ਗੁਬਾਰੇ ਵਿਚ ਮਹਾਪੁਰਸ਼ਾਂ ਦੇ ਵਿਚਾਰਾਂ ਦੀ ਗੈਸ ਹੋਣੀ ਅਤੀ ਜ਼ਰੂਰੀ ਹੈ। ●



Namdhari Elibrary NamdhariElibrary@gmail.com

# ਏਕ ਗਧਾ ਨੇਫਾ ਮੇਂ

—ਕ੍ਰਿਸ਼ਨ ਚੰਦਰ

ਪਿਆਰੇ ਸਰੋਤਿਓ !

ਮੈਂ ਨਾ ਰੂਸੀਆਂ ਦਾ ਰਾਕਟ ਹਾਂ ਨਾ ਅਮਰੀਕੀਆਂ ਦਾ ਪਾਕਿਟ ਹਾਂ, ਨਾ ਗਲੀ ਹਬਸ਼ ਖਾਂ ਦਾ ਫਾਟਕ ਹਾਂ ਨਾ ਰਮਤਾ ਜੋਗੀ ਨਿਆਰਾ ਹਾਂ, ਨਾ ਕੋਈ ਮਸਨੂਈ ਸਿਤਾਰਾ ਹਾਂ, ਨਾ ਕਿਸੇ ਫ਼ਿਲਮੀ ਹੀਰੋਇਨ ਦਾ ਪਿਆਰਾ ਹਾਂ, ਨਾ ਕਿਸੇ ਲੱਖਪਤੀ ਦੀ ਅੱਖ ਦਾ ਤਾਰਾ ਹਾਂ—ਮੈਂ ਸਿਰਫ ਇਕ ਗਧਾ ਅਵਾਰਾ ਹਾਂ ।

ਮੈਨੂੰ ਆਪਣੇ ਬਚਪਨ ਵਿਚ ਹੀ ਇਕ ਅਖਬਾਰ ਪੜ੍ਹਨ ਦੀ ਲਗਨ ਲੱਗ ਗਈ ਸੀ । ਅਖਬਾਰ ਪੜ੍ਹਦੇ ਪੜ੍ਹਦੇ ਮੈਂ ਇਨਸਾਨਾਂ ਦੀ ਬੋਲੀ ਬੋਲਣ ਲੱਗ ਪਿਆ ਅਤੇ ਸੱਚ ਅਤੇ ਝੂਠ ਨੂੰ ਅਕਲ ਦੇ ਤਰਾਜ਼ੂ ਵਿਚ ਤੋਲਣ ਲਗ ਪਿਆ । ਇਸ ਕਰਕੇ ਹੀ ਮੈਂ ਆਪਣਾ ਪਿਆਰਾ ਵਤਨ ਬਾਰਾਂਬੰਕੀ ਛਡਿਆ ਅਤੇ ਡੰਕੀ ਬਣਕੇ ਦਿੱਲੀ ਵਿਚ ਇਕ ਧੋਬੀ ਨਾਲ ਨਾਤਾ ਜੋੜਿਆ ।

ਇਕ ਦਿਨ ਉਸ ਧੋਬੀ ਨੂੰ ਮਗਰਮੱਛ ਨੇ ਖਾ ਲਿਆ ਅਤੇ ਮੈਂ ਉਸਦੀ ਵਿਧਵਾ ਪਤਨੀ ਅਤੇ ਬੱਚਿਆਂ ਦੇ ਗੁਜ਼ਾਰੇ ਲਈ ਅਰਜ਼ੀ ਲੈ ਕੇ ਦਫ਼ਤਰ-ਦਫ਼ਤਰ ਘੁੰਮਿਆ । ਮੰਤਰੀਆਂ ਤੀਕ ਪਹੁੰਚ ਗਿਆ । ਪਰ ਜਦੋਂ ਕਿਤੇ ਵੀ ਸੁਣਾਈ ਨਾ ਹੋਈ ਤਾਂ ਕਿਸੇ ਪ੍ਰਕਾਰ ਪੰਡਤ ਨਹਿਰੂ ਦੀ ਕੋਠੀ ਅੰਦਰ ਚਲਿਆ ਗਿਆ ।

ਪੰਡਤ ਨਹਿਰੂ ਨਾਲ ਜੋ ਮੇਰਾ ਅਚਾਣਕ ਇੰਟਰਵੀਊ ਹੋ ਗਿਆ, ਉਸ ਨੇ ਮੈਨੂੰ ਇਕ ਪਲ ਵਿੱਚ ਸਾਰੇ ਸੰਸਾਰ ਵਿੱਚ ਪ੍ਰਸਿੱਧ ਕਰ ਦਿੱਤਾ । ਅਤੇ ਲੋਕ ਮੇਰੇ ਨਾਲ ਬਹੁਤ ਆਦਰ ਨਾਲ ਪੇਸ਼ ਅਉਣ ਲੱਗੇ । ਗਲੀਆਂ ਅਤੇ ਬਜ਼ਾਰਾਂ ਵਿੱਚ ਮੇਰਾ ਜਲੂਸ ਕੱਢਣ ਲੱਗੇ । ਇਕ ਸੇਠ ਨੇ ਸਮਝਿਆ, ਮੈਂ ਕੋਈ ਦੇਵੀ ਦੂਤ ਹਾਂ—ਕੋਈ ਕਰੋੜਪਤੀ ਠੇਕੇਦਾਰ ਹਾਂ; ਜਿਸ ਨੇ ਉਪਰ ਤੋਂ ਇਕ ਗਧੇ ਦਾ ਭੇਸ ਧਾਰਿਆ ਹੈ ਅਤੇ ਅੰਦਰੋਂ ਹੀ ਅੰਦਰੋਂ ਕੋਈ ਬਹੁਤ ਵੱਡਾ ਠੇਕਾ ਮਾਰਿਆ ਹੈ ।

ਉਹ ਸੇਠ ਮੈਨੂੰ ਪਲੋਸ-ਪਲਾਸ ਕੇ ਅਪਣੇ ਘਰ ਲੈ ਗਿਆ । ਮੇਰੇ ਲਈ ਅਲੱਗ ਕਮਰਾ ਰੱਖਿਆ ਗਿਆ ਮੈਨੂੰ ਚਾਂਦੀ ਦੀ ਪਲੇਟ ਵਿੱਚ ਕਿਊੜੇ ਵਿੱਚ ਰਲਾਇਆ ਹੋਇਆ ਘਾਹ ਖਵਾਉਣ ਲੱਗਿਆ । ਅਪਣੇ ਫਰਮ ਦਾ ਹਿਸੇਦਾਰ ਬਣਾਉਣ ਲੱਗਿਆ ਅਤੇ ਅਤੇ ਅਪਣੀ ਲੜਕੀ ਨਾਲ ਮੇਰੀ ਸ਼ਾਦੀ ਕਰਾਉਣ ਲੱਗਿਆ ਅਤੇ ਮੈਨੂੰ ਹਾਈ ਸੁਸਾਇਟੀ ਵਿੱਚ ਘੁੰਮਾਉਣ ਲੱਗਿਆ ।

ਮੈਂ ਬਹੁਤ ਨਾਂਹ ਕੀਤੀ, ਦੱਸਿਆ ਕਿ ਉਂਝ ਤਾਂ ਮੈਂ ਗਿਆਨ ਅਤੇ ਗੁਣਾਂ ਨਾਲ ਲੱਦਿਆ ਹੋਇਆ ਹਾਂ ਪਰ ਅਸਲ ਵਿੱਚ ਮੈਂ ਇਕ ਗਧਾ ਹਾਂ । ਪਰ ਉਹ ਸੇਠ ਲਾਲਚ ਦਾ ਅੰਨ੍ਹਾਂ ਅਤੇ ਗੌਂਦ ਦਾ ਪੂਰਾ ਅਪਣੀ ਹੀ ਦੱਬੀ ਜਾਂਦਾ ਸੀ ਅਤੇ ਲਗਾਤਾਰ ਮੇਰੀ ਆਓ ਭਗਤ ਕਰੀ ਜਾਂਦਾ ਸੀ ।

ਪਰ ਇਕ ਦਿਨ ਉਸ ਲਾਲਚੀ ਨੂੰ ਪਤਾ ਲੱਗ ਗਿਆ ਕਿ ਮੇਰੇ ਕੋਲ ਕੋਈ ਪਰਮਿਟ ਨਹੀਂ ਹੈ ਨਾ ਕੋਈ ਕੋਟਾ ਹੈ, ਉਸ ਦਿਨ ਹੀ ਉਹ ਮਾਰਨ ਤੇ ਤੁੱਲ ਗਿਆ ।

ਇਕ ਦਿਨ ਕਮਰਾ ਬੰਦ ਕਰਕੇ ਉਸ ਸੇਠ ਨੇ ਅਤੇ ਉਸਦੀ ਲੜਕੀ ਨੇ—ਜਿਹੜੀ ਕਲ੍ਹ ਤਕ ਮੇਰੇ ਨਾਲ ਸ਼ਾਦੀ ਕਰਨ ਲਈ ਤਿਆਰ ਸੀ—ਮੈਨੂੰ ਡੰਡੇ ਨਾਲ ਮਾਰ ਮਾਰਕੇ ਮੇਰਾ ਧੂੰਆਂ ਕੱਢ ਦਿਤਾ ਅਤੇ ਮੈਨੂੰ ਜ਼ਖਮੀ ਕਰਕੇ ਬਾਹਰ ਸੜਕ ਤੇ ਸੁੱਟ ਦਿਤਾ ।



Namdhari Elibrary NamdhariElibrary@gmail.com

ਛੇ ਮਹੀਨੇ ਤੀਕ ਮੈਂ ਜਾਨਵਰਾਂ ਦੇ ਹਸਪਤਾਲ ਵਿਚ ਪਿਆ ਮੌਤ ਅਤੇ ਜ਼ਿੰਦਗੀ ਵਿਚਾਲੇ ਲਟਕਦਾ ਰਿਹਾ। ਪੀੜ ਨਾਲ ਕਰਾਹੁੰਦਾ ਰਿਹਾ। ਮਨੁਖ ਦੀ ਬੇਹਿਸੀ ਅਤੇ ਗਧੇ ਦੀ ਬੇਵਸੀ ਤੇ ਰੋਂਦਾ ਰਿਹਾ। ਪਰ ਵਿਧਾਤਾ ਨੂੰ ਮੇਰਾ ਜੀਵਨ ਪਿਆਰਾ ਸੀ— ਅਤੇ ਮੇਰੇ ਲਈ ਜਿਊਣਾ ਜ਼ਰੂਰੀ ਸੀ ਇਸ ਲਈ ਮੈਂ ਰਾਜ਼ੀ ਹੋ ਗਿਆ।

ਜਦੋਂ ਰਾਜ਼ੀ ਹੋ ਗਿਆ ਤਾਂ ਡਾਕਟਰ ਨੇ ਮੇਰੇ ਹੱਥ ਵਿਚ ਦੋ ਹਜ਼ਾਰ ਦਾ ਬਿਲ ਦੇ ਦਿਤਾ। ਬਿੱਲ ਵੇਖਕੇ ਮੈਂ ਡਾਕਟਰ ਨੂੰ ਪ੍ਰਾਥਨਾ ਕੀਤੀ, 'ਡਾਕਟਰ, ਮੈਂ ਇਕ ਪੜ੍ਹਿਆ ਲਿਖਿਆ ਗਧਾ ਜ਼ਰੂਰ ਹਾਂ ਪਰ ਬਿਲਕੁਲ ਗਰੀਬ ਅਤੇ ਮਜ਼ਬੂਰ ਹਾਂ। ਮੈਂ ਇਹ ਬਿਲ ਨਹੀਂ ਦੇ ਸਕਦਾ।"

ਡਾਕਟਰ, ਜਿਸ ਦਾ ਨਾਂਅ ਰਾਮ ਅਵਤਾਰ ਸੀ ਅਤੇ ਜੋ ਆਪਣੇ ਕੰਮ ਵਿਚ ਬਹੁਤ ਹੁਸ਼ਿਆਰ ਸੀ, ਮੇਰੀ ਪਿੱਠ ਤੇ ਹੱਥ ਫੇਰ ਕੇ ਬੋਲਿਆ, "ਐ ਗਧੇ ਨਾਦਾਨ! ਬਚਾਕੇ ਆਪਣੀ ਜਾਨ। ਚਲਿਆ ਜਾ ਬੰਬਈ! ਉਥੇ ਫ਼ਿਰਦੇ ਹਨ ਤੇਰੇ ਵਰਗੇ ਕਈ —ਤੂੰ ਉਥੇ ਜਾ ਕੇ ਕਮਾ ਵੀ ਸਕੇਗਾ — ਅਤੇ ਮੇਰਾ ਬਿੱਲ ਵੀ ਅਦਾ ਕਰ ਸਕੇਂਗਾ।"

ਡਾਕਟਰ ਦੀ ਨਸੀਹਤ ਮੈਨੂੰ ਬਹੁਤ ਪਸੰਦ ਆਈ। ਅਤੇ ਮੈਂ ਦਿੱਲੀ ਨੂੰ ਦਿੱਤੀ ਜੁਦਾਈ ਅਤੇ ਰੇਲ ਦੀ ਪੱਟੜੀ ਦੇ ਕਿਨਾਰੇ-ਕਿਨਾਰੇ ਚਲਦਾ-ਚਲਦਾ ਬੰਬਈ ਪਹੁੰਚ ਗਿਆ ਅਤੇ ਉਥੇ ਘੀਸੂ ਘਸਿਆਰੇ ਦੇ ਨੌਕਰੀ ਕਰ ਲਈ। ਸੋਚਿਆ, ਬਿਲਕੁਲ ਇਕ ਗਧੇ ਵਾਂਗ ਰਹਾਂਗਾ ਅਤੇ ਕਦੀ ਮਨੁਖਾਂ ਦੀ ਬੋਲੀ ਨਹੀਂ ਬੋਲਾਂਗਾ।

ਪਰ ਇਕ ਦਿਨ ਮੈਨੂੰ ਘੀਸੂ ਘਸਿਆਰੇ ਨੇ ਪੱਚੀ ਰੁਪਿਆਂ ਦੇ ਵਿਚ ਰਮਜ਼ਾਨੀ ਕਸਾਈ ਦੇ ਹੱਥ ਵੇਚ ਦਿਤਾ, ਜਿਸ ਕੋਲੋਂ ਜੋਜ਼ਫ, ਸ਼ਰਾਬ ਦੀ ਸਮਗਲਿੰਗ ਕਰਨ ਵਾਲੇ, ਨੇ ਮੈਨੂੰ ਖਰੀਦ ਲਿਆ। ਹੁਣ ਮੈਂ ਆਪਣੇ ਢਿਡ ਵਿਚ ਸ਼ਰਾਬ ਭਰਕੇ ਬਾਂਦਰਾ ਤੋਂ ਮਾਹਿਮ ਪਹੁੰਚਾਂਦਾ ਸੀ ਅਤੇ ਪੁਲੀਸ ਨੂੰ ਕਦੇ ਸ਼ੱਕ ਨਹੀਂ ਸੀ ਹੁੰਦਾ ਕਿ ਇਕ ਗਧੇ ਦੇ ਢਿੱਡ ਵਿੱਚ ਕਿੰਨੇ ਗੈਲਨ ਸ਼ਰਾਬ ਭਰੀ ਹੋਈ ਹੈ।

ਜਿਸ ਦਿਨ ਪੁਲੀਸ ਨੂੰ ਸ਼ੱਕ ਹੋ ਗਿਆ, ਮੈਂ ਅਪਣੀ ਜਾਨ ਬਚਾਕੇ ਅਜੇਹਾ ਸਿਰ ਤੋੜ ਭੱਜਿਆ, ਅਜੇਹਾ ਸਿਰ ਤੋੜ ਭੱਜਿਆ ਕਿ ਮੇਰੇ ਭੱਜਣ ਦੀ ਰਫ਼ਤਾਰ ਨੂੰ ਵੇਖਕੇ ਰੁਸਤਮ ਸੇਠ ਨੇ ਮੈਨੂੰ ਅਪਣੇ ਕੋਲ ਰੱਖ ਲਿਆ।

ਰੁਸਤਮ ਸੇਠ ਬੰਬਈ ਦੀਆਂ ਰੇਸਕੋਰਸਾਂ ਵਿੱਚ ਘੋੜੇ ਦੁੜਾਂਦੇ ਸਨ। ਪਰ ਮੇਰੀ ਤੇਜ਼ ਚਾਲ ਵੇਖਕੇ ਉਨ੍ਹਾਂ ਨੇ ਮੈਨੂੰ ਵੀ ਘੋੜਿਆਂ ਦੀ ਰੇਸ ਵਿੱਚ ਦੁੜਾ ਦਿੱਤਾ। ਅਤੇ ਮੈਂ ਕੱਪ ਜਿੱਤ ਗਿਆ। ਰੁਸਤਮ ਸੇਠ ਮੈਥੋਂ ਬਹੁਤ ਖੁਸ਼ ਹੋਇਆ ਅਤੇ ਖੁਸ਼ ਹੋ ਕੇ ਮੈਨੂੰ ਜਾਨ ਤੋਂ ਮਾਰਨ ਦੀ ਸੋਚਣ ਲੱਗਿਆ। ਕਿਉਂਕਿ ਜੇ ਰੇਸ ਕੋਰਸ ਵਾਲਿਆਂ ਨੂੰ ਕਿਸੇ ਤਰਾਂ ਪਤਾ ਲੱਗ ਗਿਆ ਕਿ ਰੁਸਤਮ ਸੇਠ ਨੇ ਘੋੜਿਆਂ ਦੀ ਰੇਸ ਵਿੱਚ ਇਕ ਗਧੇ ਨੂੰ ਦੁੜਾ ਦਿੱਤਾ ਹੈ, ਤਾਂ ਉਹ ਰੁਸਤਮ ਸੇਠ ਨੂੰ ਰੇਸ ਕੋਰਸ ਤੋਂ ਬਾਹਰ ਕੱਢ ਦਿੰਦੇ।

ਖੈਰ, ਮੈਂ ਕਿਸੇ ਤਰਾਂ ਨਾਲ ਉਥੋਂ ਜਾਨ ਬਚਾਕੇ ਭਜਿਆ! ਫਿਰ ਇਕ ਸੇਠ ਨੂੰ ਉਲ-ਜਲੂਲ ਸੱਟੇ ਦੇ ਨੰਬਰ ਦੱਸਣ ਲੱਗਿਆ। ਨੰਬਰ ਆਉਂਦੇ ਗਏ ਅਤੇ ਮੇਰੇ ਪੁਜਾਰੀ ਵੱਧਦੇ ਗਏ। ਮੈਂ ਸੇਠ ਨਾਲ ਪਾਰਟਨਰਸ਼ਿਪ ਕਰ ਲਈ ਅਤੇ ਮੈਨੂੰ ਇਕ ਹੀ ਦਿਨ ਵਿੱਚ ਸੱਟੇ ਦੇ ਨੰਬਰ ਦੱਸਣ ਵਿਚ ਤੀਹ ਲੱਖ ਦਾ ਨਫ਼ਾ ਹੋ ਗਿਆ।

ਮੈਂ ਤੀਹ ਲੱਖ ਬੈਂਕ ਵਿਚ ਰੱਖ ਦਿੱਤੇ ਅਤੇ ਫਿਲਮ-ਪ੍ਰੋਡਿਊਸਰ ਬਣ ਗਿਆ। ਅਖਬਾਰਾਂ ਵਿੱਚ ਵੱਡੀਆਂ ਵੱਡੀਆਂ ਸੁਰਖੀਆਂ ਵਿੱਚ ਛੱਪਿਆ — "ਦੁਨੀਆਂ ਦਾ ਪਹਿਲਾ ਗਧਾ ਪ੍ਰੋਡਿਊਸਰ!" ਪਰ ਇਹ ਅਖਬਾਰਾਂ ਵਾਲਿਆਂ ਦੀ ਬਹੁਤ ਜ਼ਿਆਦਤੀ ਸੀ। ਜ਼ਰੂਰ ਹੀ ਮੈਥੋਂ ਪਹਿਲਾਂ ਵੀ ਅਜੇਹੇ ਲੋਕ ਫ਼ਿਲਮ ਵਿੱਚ ਆਏ ਹੋਣਗੇ ਜੋ ਮੇਰੇ ਵਾਂਗ ਪ੍ਰੋਡਿਊਸਰ ਸਨ ਤੇ ਗਧੇ ਵੀ।

ਪਿਕਚਰ ਬਣਾਉਂਦੇ-ਬਣਾਉਂਦੇ ਮੈਨੂੰ ਪਿਕਚਰ ਦੀ ਹੀਰੋਇਨ ਪ੍ਰੇਮ-ਬਾਲਾ ਨਾਲ ਪ੍ਰੇਮ ਹੋ ਗਿਆ ਅਤੇ ਨਾਲ-ਨਾਲ ਇਹ ਵੀ ਤਹਿ ਹੋ ਗਿਆ ਕਿ ਜੇ ਜੇਬ ਵਿੱਚ ਤੀਹ ਲੱਖ ਰੁਪਏ ਹੋਣ ਤਾਂ ਇਕ ਸੁੰਦਰ ਔਰਤ ਇਕ ਗਧੇ ਨਾਲ ਵੀ ਪ੍ਰੇਮ ਕਰ ਸਕਦੀ ਹੈ।

ਪ੍ਰੇਮ ਬਾਲਾ ਤੀਹ ਲੱਖ ਰੁਪਏ ਤਿੰਨ ਮਹੀਨਿਆਂ ਵਿੱਚ ਚੱਟ ਕਰ ਗਈ, ਫਿਰ ਉਸਨੇ ਅਪਣੇ ਪ੍ਰੇਮੀ ਦੇ ਨਾਲ ਮਿਲਕੇ ਮੈਨੂੰ ਮਾਰ-ਮਾਰ ਕੇ ਘਰ ਤੋਂ ਬਾਹਰ ਕੱਢ ਦਿੱਤਾ। ਅਤੇ ਮੈਂ ਦੋਨੋਂ ਹੱਥ ਖਾਲੀ, ਦੁੱਲਤੀਆਂ ਮਾਰਦਾ ਹੋਇਆ ਇਕ ਕਿਸਾਨ ਮਰਦ ਅਤੇ ਔਰਤ ਦੇ ਨਾਲ ਪੂਨਾ ਵੱਲ ਰਵਾਨਾ ਹੋ ਗਿਆ।

ਕਿਸਾਨ ਦਾ ਨਾਂ ਤੁਪਕਰੀ ਸੀ ਅਤੇ ਬੀਵੀ ਦਾ ਨਾਂ ਲਲਤਾਬਾਈ। ਕਿਸਾਨ ਦੀ ਜ਼ਮੀਨ ਪੰਦਰ੍ਹਾਂ ਸੌ ਰੁਪਏ ਵਿੱਚ



Namdhari Elibrary NamdhariElibrary@gmail.com

ਗਹਿਣੇ ਪਈ ਸੀ ਅਤੇ ਜਦੋਂ ਜ਼ਮੀਨ ਛੁਡਾਉਣ ਦੇ ਲਈ ਕੋਈ ਤਰਕੀਬ ਉਸਦੀ ਸਮਝ ਵਿੱਚ ਨਾ ਆਈ ਤਾਂ ਉਸਨੇ ਅਪਣੇ ਬਲਦ ਨੂੰ ਲੋਕਾਂ ਦੀ ਕਿਸਮਤ ਦਾ ਹਾਲ ਦੱਸਣਾ ਸਿਖਾਇਆ ਅਤੇ ਬਲਦ ਨੂੰ ਲੈ ਕੇ ਅਪਣੀ ਬੀਵੀ ਦੇ ਨਾਲ ਪਿੰਡ ਤੋਂ ਬਾਹਰ ਨਿਕਲ ਗਿਆ। ਉਹ ਸ਼ਹਿਰ-ਸ਼ਹਿਰ, ਪਿੰਡ-ਪਿੰਡ, ਕਸਬੇ-ਕਸਬੇ ਮਾਰਿਆ ਮਾਰਿਆ ਫਿਰਦਾ ਸੀ ਅਤੇ ਮਜ਼ਮੇ ਇੱਕਠੇ ਕਰਕੇ ਬਲਦ ਦੇ ਰਾਹੀਂ ਕਿਸਮਤ ਦਾ ਹਾਲ ਦੱਸਦਾ ਸੀ ਅਤੇ ਅਤੇ ਅਪਣਾ ਢਿੱਡ ਭਰਦਾ ਸੀ। ਉਸਦਾ ਵਿਚਾਰ ਸੀ ਕਿ ਇਸ ਤਰਾਂ ਉਹ ਬਹੁਤ ਸਾਰਾ ਰੁਪਿਆ ਕਮਾ ਲਵੇਗਾ ਅਤੇ ਅਪਣੀ ਖੋਹੀ ਜ਼ਮੀਨ ਮੁੜਕੇ ਲੈ ਲਵੇਗਾ ਅਤੇ ਖੇਤੀ ਬਾੜੀ ਕਰਨ ਲੱਗ ਪਵੇਗਾ। ਪਰ ਲੋਕਾਂ ਦੀ ਕਿਸਮਤ ਦੱਸਣ ਵਿੱਚ ਅਤੇ ਅਪਣੀ ਕਿਸਮਤ ਬਨਾਉਣ ਵਿੱਚ ਬਲਦ ਜ਼ਿਆਦਾ ਉਪਯੋਗੀ ਸਿੱਧ ਨਾ ਹੋਇਆ ਅਤੇ ਕੁਝ ਮਹੀਨਿਆਂ ਪਿਛੋਂ ਬਲਦ ਬੰਬਈ ਵਿੱਚ ਮਰ ਗਿਆ। ਅਤੇ ਹੁਣ ਦੋਨੋਂ ਪਤੀ-ਪਤਨੀ ਨਿਰਾਸ਼ ਅਤੇ ਮਜਬੂਰ ਹੋ ਕੇ ਪੂਨਾ ਜਾ ਰਹੇ ਸਨ—ਭਾਗ ਅਜ਼ਮਾਉਣ ਲਈ......।

ਉਨ੍ਹਾਂ ਦੀ ਕਹਾਣੀ ਸੁਣਕੇ ਮੈਨੂੰ ਬਹੁਤ ਦਿਯਾ ਆਈ। ਦਿਆਲੂ ਹੋਣਾ ਇਸ ਸੰਸਾਰ ਵਿੱਚ ਗਧੇ-ਪਨ ਦੀ ਪਹਿਲੀ ਨਿਸ਼ਾਨੀ ਹੈ! ਮੈਂ ਉਨ੍ਹਾਂ ਦੀ ਵਿਪਤਾ ਸੁਣਕੇ ਰੋ ਪਿਆ ਅਤੇ ਉਨ੍ਹਾਂ ਦੇ ਨਾਲ ਹੋ ਪਿਆ।

ਪੂਨਾ ਪਹੁੰਚ ਕੇ ਅਸੀਂ ਪਹਿਲਾਂ ਮਜ਼ਮਾ ਦਕਨ ਟਾਕੀਜ਼ ਦੇ ਸਾਹਮਣੇ ਜਮਾਇਆ। ਰੂਪਕਰੀ ਢੋਲ ਬਜਾਂਦਾ ਸੀ ਅਤੇ ਲਲਤਾ ਬਾਈ ਲਕੜੀ ਦੇ ਇਕ ਪੁਰਾਨੇ ਭੋਂਪੂ ਵਿਚੋਂ ਭੋਂ-ਭੋਂ ਦੀ ਅਜੀਬ ਜਿਹੀ ਆਵਾਜ਼ ਕੱਢਦੀ ਸੀ ਜੋ ਕਿਸੇ ਸੰਖ ਦੇ ਨਾਦ ਨਾਲ ਮਿਲਦੀ-ਜੁਲਦੀ ਸੀ। ਜਦੋਂ ਪੰਜਾਹ-ਸੱਠ ਦੇ ਲੱਗਭਗ ਆਦਮੀ ਇੱਕਠੇ ਹੋ ਗਏ ਤਾਂ ਰੂਪਕਰੀ ਬੋਲਿਆ :—

"ਭੈਣੋਂ ਅਤੇ ਭਾਈਓ!"

"ਇਸ ਤੋਂ ਪਹਿਲਾਂ ਤੁਹਾਡੇ ਸ਼ਹਿਰ ਵਿੱਚ ਇਕ ਬਲਦ ਤੁਹਾਡੀ ਕਿਸਮਤ ਦੱਸਦਾ ਸੀ। ਅੱਜ ਤੋਂ ਇਕ ਗਧਾ ਦੱਸੇਗਾ। ਮੇਰਾ ਗਧਾ ਜੋਤਸ਼ ਵਿਦਿਆ ਦਾ ਪੂਰਾ ਗਿਆਤਾ ਹੈ ਅਤੇ ਮੇਰਾ ਵਿਚਾਰ ਹੈ ਕਿ ਅਕਸਰ ਭਾਗ ਦੱਸਣ ਵਾਲੇ ਜੋ ਹੁੰਦੇ ਹਨ, ਗਧੇ ਹੁੰਦੇ ਹਨ। ਨਹੀਂ ਤਾਂ ਦੂਸਰਿਆਂ ਨੂੰ ਉਨ੍ਹਾਂ ਦਾ ਭਾਗ ਕਿਉਂ ਦਸਣ, ਆਪਣਾ ਹੀ ਭਾਗ ਠੀਕ ਨਾ ਕਰ ਲੈਣ ? ਫਿਰ ਵੀ ਇਹ ਇਕ ਅਲੱਗ ਗਲ ਹੈ ਅਤੇ ਉਸਦੇ ਹੱਕ ਵਿਚ ਅਤੇ ਵਿਰੁੱਧ ਵੀ ਬਹੁਤ ਸਾਰੀਆਂ ਗਲਾਂ ਕਹੀਆਂ ਜਾ ਸਕਦੀਆਂ ਹਨ। ਅਸਲ ਵਿਚ ਗੱਲ ਇਹ ਹੈ ਕਿ ਤੁਹਾਨੂੰ ਆਪਣਾ ਭਾਗ ਜਾਨਣ ਦਾ ਸ਼ੋਕ ਹੈ ਅਤੇ ਇਹ ਸ਼ੋਕ ਤੁਹਾਡਾ ਇਕ ਗਧਾ ਹੀ ਪੂਰਾ ਕਰ ਸਕਦਾ ਹੈ। ਇਸ ਲਈ ਅਜ ਮੈਂ ਇਕ ਗਧਾ ਆਪਣੇ ਨਾਲ ਲਿਆਇਆ ਹਾਂ।

"ਇਸ ਗਧੇ ਵਿਚ ਇਕ ਵਿਸ਼ੇਸ਼ ਗੱਲ ਇਹ ਹੈ ਕਿ ਇਸ ਦੇ ਬਲਦ ਵਾਂਗ ਅਖਾਂ ਤੇ ਪੱਟੀ ਬੰਨਣ ਦੀ ਜ਼ਰੂਰਤ ਨਹੀਂ ਹੈ। ਇਹ ਗਧਾ ਜੋ ਕੁਝ ਦਸੇਗਾ—ਅਖਾਂ ਖੋਲ੍ਹਕੇ ਦਸੇਗਾ ਅਤੇ ਬਲਦ ਵਾਂਗ ਮੂੰਹ ਮਾਰਕੇ ਨਹੀਂ ਦਸੇਗਾ ਜਾਂ ਖੁਰ ਨੂੰ ਜ਼ਮੀਨ ਵਿਚ ਮਾਰਕੇ ਨਹੀਂ ਦਸੇਗਾ—ਸਗੋਂ ਆਪਣੀ ਜ਼ਬਾਨ ਨਾਲ ਦਸੇਗਾ।

"ਆਪਣੀ ਜ਼ਬਾਨ ਨਾਲ ?" ਮਜਮੇ ਵਿਚ ਸਨਸਨੀ ਫੈਲ ਗਈ, "ਕੀ ਇਹ ਗਧਾ ਬੋਲਦਾ ਹੈ ?"

"ਜੀ ਹਾਂ", ਰੂਪਕਰੀ ਉੱਚੇ ਬੋਲ ਵਿਚ ਬੋਲਿਆ, "ਗਧਾ ਹੋ ਕੇ ਵੀ ਇਹ ਮਨੁਖਾਂ ਦੀ ਬੋਲੀ ਬੋਲਦਾ ਹੈ ਜਦੋਂ ਕਿ ਬਹੁਤ ਸਾਰੇ ਮਨੁੱਖ ਗਧੇ ਹੋ ਕੇ ਵੀ ਗਧਿਆਂ ਵਾਲੀ ਬੋਲੀ ਨਹੀਂ ਬੋਲ ਸਕਦੇ। ਇਸ ਲਈ ਇਹ ਗਧਾ ਬਹੁਤ ਸਾਰੇ ਇਨਸਾਨਾ ਤੋਂ ਜ਼ਿਆਦਾ ਸਮਝਦਾਰ ਹੈ। ਭਰਮ-ਭਰਮ ਭਰਮ...।"

ਰੂਪਕਰੀ ਨੇ ਜ਼ੋਰ ਨਾਲ ਢੋਲ ਵਜਾਇਆ, ਕਿਉਂਕਿ ਇਸ ਅਜੀਬ ਗਧੇ ਨੂੰ ਵੇਖਣ ਲਈ ਭੀੜ ਵਧਦੀ ਜਾ ਰਹੀ ਸੀ।

ਰੂਪਕਰੀ ਨੇ ਢੋਲ ਵਜਾਣਾ ਬੰਦ ਕੀਤਾ। ਫਿਰ ਦੋਵੇਂ ਹੱਥ ਜੋੜ ਕੇ ਬੋਲਿਆ,"ਪਰ ਇਕ ਗੱਲ, ਹਥ ਜੋੜ ਕੇ ਕਹਿੰਦਾ ਹਾਂ, ਬੁਰਾ ਨਾ ਮਨਾਉਣਾ! ਇਹ ਗੱਧਾ ਕੋਈ ਪਖੰਡੀ ਜੋਤਸ਼ੀ ਨਹੀਂ ਹੈ। ਖਰਾ ਅਤੇ ਸੱਚਾ ਜੋਤਸ਼ੀ ਹੈ। ਇਹ ਸਦਾ ਸੱਚੀ ਗੱਲ ਕਹਿੰਦਾ ਹੈ, ਇਸ ਲਈ ਇਸਦੀ ਗੱਲ ਦਾ ਬੁਰਾ ਨਾ ਮਨਾਉਣਾ ਅਤੇ ਜੋ ਗੱਲ ਇਸਦੀ ਸਮਝ ਵਿਚ ਨਹੀਂ ਆਵੇਗੀ, ਉਹ ਵੀ ਇਹ ਸਾਫ ਸਾਫ ਬੋਲ ਦੇਵੇਗਾ। ਹਰੇਕ ਸੁਆਲ ਦੇ ਦਾਮ ਅੱਠ ਆਨੇ ਹੋਣਗੇ। ਕੇਵਲ ਅੱਠ ਆਨੇ ਪੁਛੋ ..ਪੁਛੋ ਗੱਧਾ ਆਉਂਦਾ ਹੈ, ਤੁਹਾਡਾ ਭਾਗ ਦੱਸਦਾ ਹੈ ਕੇਵਲ ਅੱਠ ਆਨੇ—ਕੇਵਲ ਅੱਠ ਆਨੇ...।"



Namdhari Elibrary NamdhariElibrary@gmail.com

ਤੁਪਕਰੀ ਜ਼ੋਰ ਜ਼ੋਰ ਨਾਲ ਢੋਲ ਪਿੱਟਣ ਲਗਾ। ਲਲਤਾ ਭੋਪੂ ਬਜਾਉਣ ਲੱਗੀ। ਮੈਂ ਭੀੜ ਦੇ ਅੰਦਰ ਰੱਸੀ ਨਾਲ ਬੰਨਿਆ ਇਕ ਗੋਲ ਚੱਕਰ ਵਿਚ ਘੁੰਮਣ ਲਗ ਪਿਆ। ਇਕ ਆਦਮੀ ਨੇ, ਜੋ ਸ਼ਕਲ ਵਾ ਸੂਰਤ ਤੋਂ ਬਾਣੀਆ ਲੱਗਦਾ ਸੀ, ਮੇਰੀ ਰੱਸੀ ਨੂੰ ਹੱਥ ਨਾਲ ਫੜਿਆ—ਮੈਂ ਉਸ ਕੋਲ ਰੁਕ ਗਿਆ।

ਬਾਣੀਏ ਨੇ ਪੁਛਿਆ, "ਮੈਂ ਇਸ ਵਕਤ ਕਿਥੋਂ ਆ ਰਿਹਾ ਹਾਂ?"

"ਕੁਰਕੀ ਕਰਾਕੇ।" ਮੈਂ ਫੋਰਨ ਜੁਆਬ ਦਿੱਤਾ, ਕਿਉਂਕਿ ਮੈਂ ਉਸ ਦੇ ਹੱਥ ਵਿਚ ਕੁਰਕੀ ਦੇ ਕਾਗਜ਼ ਦੇਖ ਲਏ ਸਨ।

ਬਾਣੀਆਂ ਚੌਂਕ ਕੇ ਇਕ ਦੰਮ ਪਿੱਛੇ ਹੱਟ ਗਿਆ। ਮੈਨੂੰ ਬੋਲਦਾ ਵੇਖਕੇ ਭੀੜ ਇਕ ਦੰਮ ਅੱਗੇ ਖਿਸਕ ਆਈ। ਗੋਲ ਚੱਕਰ ਸਿਮਟ ਗਿਆ।

"ਠੀਕ ਹੈ," ਬਾਣੀਏ ਨੇ ਸਿਰ ਹਿਲਾ ਕੇ ਕਿਹਾ, "ਲੇਕਿਨ ਮੈਂ ਤੈਨੂੰ ਤਾਂ ਮੰਨਾਂਗਾ ਜਦੋਂ ਤੂੰ ਇਹ ਦੱਸੇਂਗਾ ਕਿ ਮੇਰੀ ਜੇਬ ਵਿੱਚ ਕਿੰਨਾ ਧਨ ਹੈ?"

ਇਹ ਕਹਿਕੇ ਉਸਨੇ ਅਪਣਾ ਬਟੂਆ ਕੱਢਿਆ।

ਮੈਂ ਕਿਹਾ, "ਕਿੰਨਾ ਧਨ ਹੈ ਇਹ ਤੇ ਮੈਂ ਨਹੀਂ ਦੱਸ ਸਕਦਾ ਪਰ ਇਨਾ ਜਾਣਦਾ ਹਾਂ ਕਿ ਤੁਹਾਡੀ ਜੇਬ ਵਿੱਚ ਜਿੰਨਾਂ ਧਨ ਹੈ ਉਸ ਵਿਚ ਅਸਲ ਘੱਟ ਹੈ, ਸੂਦ ਜ਼ਿਆਦਾ ਹੈ।"

ਬਾਣੀਆ ਹੱਸਿਆ, "ਗੱਧਾ ਹੁਸ਼ਿਆਰ ਮਲੂਮ ਹੁੰਦਾ ਹੈ।"

ਐਨਾ ਕਹਿਕੇ ਬਾਣੀਏ ਨੇ ਮੇਰੀ ਰੱਸੀ ਛੱਡ ਦਿੱਤੀ ਅਤੇ ਵਾਪਸ ਜਾਣ ਲੱਗਿਆ ਤਾਂ ਮੈਂ ਹੌਲੀ ਜਿਹੀ ਉਸਦੀ ਧੋਤੀ ਦੰਦਾਂ ਚ ਲੈਂਦੇ ਹੋਏ ਬੋਲਿਆ, "ਕਿੱਥੇ ਜਾਂਦੇ ਹੋ? ਇਕ ਰੁੱਪਿਆ ਦਿੰਦੇ ਜਾਵੋ।"

"ਕਿਹਾ ਰੁਪਿਆ?" ਬਾਣੀਏ ਨੇ ਮੁੜ ਕੇ ਪੁੱਛਿਆ।

"ਤੁਸੀਂ ਦੋ ਸੁਆਲ ਪੁੱਛੇ ਸਨ। ਤੁਹਾਨੂੰ ਦੋਨਾਂ ਸੁਆਲਾਂ ਦਾ ਉੱਤਰ ਮਿਲਿਆ ਕਿ ਨਹੀਂ?" ਤੁਪਕਰੀ ਨੇ ਪੁੱਛਿਆ।

ਬਾਣੀਏ ਨੇ ਹੌਲੀ ਨਾਲ ਸਿਰ ਹਿਲਾਇਆ ਅਤੇ ਜੇਬ ਵਿਚੋਂ ਇਕ ਰੁਪਿਆ ਕੱਢ ਕੇ ਤੁਪਕਰੀ ਨੂੰ ਦਿੱਤਾ। ਭੀੜ ਹੱਸਣ ਲੱਗੀ। ਬਾਣੀਆਂ ਸ਼ਰਮਿੰਦਾ ਹੋਕੇ ਖਿਸਕ ਗਿਆ।

ਇਕ ਲੜਕੇ ਨੇ ਅੱਠਨੀ ਕੱਢ ਕੇ ਤੁਪਕਰੀ ਦੇ ਹੱਥ ਵਿੱਚ ਦਿੱਤੀ ਅਤੇ ਬੋਲਿਆ, "ਦੱਸੋ ਮੇਰੇ ਥੈਲੇ ਵਿੱਚ ਕੀ ਹੈ?"

ਮੈਂ ਕਿਹਾ, "ਜੇ ਦੱਸ ਦੇਵਾਂ ਤਾਂ ਤੈਨੂੰ ਇਸ ਵੇਲੇ ਹੀ ਪੁਲਿਸ ਫੜਕੇ ਲੈ ਜਾਵੇਗੀ।"

ਭੀੜ ਵਿੱਚ ਲੋਕ ਫਿਰ ਹੱਸੇ। ਉਹ ਲੜਕਾ ਛੇਤੀ ਨਾਲ ਠੱਰਰੇ ਦੀਆਂ ਬੋਤਲਾਂ ਦਾ ਥੈਲਾ ਲੈ ਕੇ ਗੁੰਮ ਹੋ ਗਿਆ। ਪਰ ਠੱਰਰੇ ਦੀ ਬੋ ਹੁਣ ਤੀਕ ਮੇਰੇ ਨੱਕ ਵਿੱਚ ਆ ਰਹੀ ਸੀ।

ਇਕ ਲੜਕਾ ਅਤੇ ਲੜਕੀ ਇਕ-ਦੂਸਰੇ ਦੇ ਕੋਲ ਖੜ੍ਹੇ ਸਨ। ਦੋਨੋ ਜਵਾਨ ਅਤੇ ਸੁੰਦਰ ਸਨ। ਦਬੀਆਂ ਨਜ਼ਰਾਂ ਨਾਲ ਇਕ-ਦੂਸਰੇ ਵੱਲ ਵੇਖਦੇ ਸਨ ਅਤੇ ਫਿਰ ਘਬਰਾ ਕੇ ਨਜ਼ਰਾਂ ਅੱਲਗ ਕਰ ਲੈਂਦੇ ਸਨ। ਕਦੀ-ਕਦੀ ਇਕ ਦਾ ਹੱਥ ਦੂਸਰੇ ਨੂੰ ਛੋਹ ਲੈਂਦਾ ਸੀ। ਉਂਗਲੀਆ ਇਕ ਪੱਲ ਦੇ ਲਈ ਇਕ-ਦੂਸਰੇ ਨਾਲ ਖੇਲਦੀਆਂ ਫਿਰ ਮੁੜ ਕੇ ਅੱਲਗ ਹੋ ਜਾਂਦੀਆਂ।

ਉਸ ਲੜਕੇ ਨੇ ਲੜਕੀ ਦੇ ਕੰਨ ਵਿੱਚ ਕੁਝ ਘੁਸਰ-ਮੁਸਰ ਕੀਤੀ। ਲੜਕੀ ਦੀਆਂ ਗਲ੍ਹਾਂ ਲਾਲ ਹੋ ਗਈਆਂ। ਉਸਨੇ ਜੁਆਬ ਤਾਂ ਨਹੀਂ ਦਿੱਤਾ ਪਰ ਸ਼ਰਮ ਨਾਲ ਸਿਰ ਝੁਕਾ ਲਿਆ। ਲੜਕੇ ਨੇ ਲੜਕੀ ਦਾ ਹੱਥ ਫੱੜ ਲਿਆ ਅਤੇ ਮੇਰੇ ਵੱਲ ਵੇਖਕੇ ਬੋਲਿਆ, "ਜੇ ਤੂੰ ਦੱਸ ਦੇਵੇਂ ਕਿ ਮੇਰੀ ਬੀਵੀ ਦਾ ਕੀ ਨਾਂ ਹੈ, ਤਾਂ ਮੈਂ ਤੈਨੂੰ ਅੱਠ ਆਨੇ ਦੀ ਥਾਂ ਦੋ ਰੁਪਏ ਦੇਵਾਂਗਾ।"

ਮੈਂ ਕਿਹਾ "ਬੱਚੇ, ਪਹਿਲਾਂ ਤਾਂ ਇਹ ਤੇਰੀ ਬੀਵੀ ਨਹੀਂ ਹੈ। ਤੇਰੇ ਨਾਲ ਕਾਲਜ ਵਿੱਚ ਪੜ੍ਹਦੀ ਹੈ। ਤੁਸੀ ਦੋਨੋ ਇਕ ਦੂਸਰੇ ਨਾਲ ਪ੍ਰੇਮ ਜਰੂਰ ਕਰਦੇ ਹੋ। ਪਰ ਸ਼ਾਦੀ ਹੋਣ ਵਿੱਚ ਹਾਲੇ ਦੇਰ ਹੈ। ਪਹਿਲਾਂ ਰੋਜ਼ੀ-ਰੋਟੀ ਦੀ ਸਮੱਸਿਆ ਤਾਂ ਹੱਲ ਕਰ ਲਵੋ।"

ਲੜਕੇ ਨੇ ਸੰਗ ਦੇ ਮਾਰੇ ਫੋਰਨ ਲੜਕੀ ਦਾ ਹੱਥ ਛਡ ਦਿੱਤਾ। ਮੈਂ ਦੇਖ ਲਿਆ ਸੀ ਕਿ ਲੜਕੀ ਕੁਂਵਾਰੀ ਹੈ ਕਿਉਂਕਿ ਉਸਦੇ ਗਲ ਵਿੱਚ ਮੰਗਲ-ਸੂਤਰ ਨਹੀਂ ਸੀ ਜਿਹੜਾ ਇਸ ਇਲਾਕੇ ਵਿੱਚ ਹਰੇਕ ਵਿਆਹੀ ਇਸਤਰੀ ਦੇ ਸੋਭਾਗ ਦਾ ਪ੍ਰਤੀਕ ਹੁੰਦਾ ਹੈ।



Namdhari Elibrary NamdhariElibrary@gmail.com

ਇਕ ਮਹਾਸ਼ਾ ਅਪਣੀ ਛਾਤੀ ਫੁਲਾਉਂਦੇ ਹੋਏ ਅੱਗੇ ਵੱਧੇ, "ਦੱਸੋ, ਮੈਂ ਕੀ ਕੰਮ ਕਰਦਾ ਹਾਂ ?" ਮੈਂ ਕਿਹਾ, "ਹਜ਼ੂਰ ਤਾਂ ਸਾਡੇ ਮਾਈ-ਬਾਪ ਹੋ ।"

"ਕੀ ਮਤਲਬ ?" ਉਹ ਆਦਮੀ ਨਰਾਜ਼ ਹੋ ਕੇ ਬੋਲਿਆ, "ਕੀ ਮੈਂ ਗਧਾ ਹਾਂ ?"

"ਜੀ ਨਹੀਂ" ਮੈਂ ਬਹੁਤ ਆਦਰ ਨਾਲ ਕਿਹਾ, "ਸੱਚ ਗੱਲ ਤਾਂ ਇਹ ਹੈ ਕਿ ਤੁਹਾਥੋਂ ਬਿਨਾਂ ਇਥੇ ਸਭ ਗੱਧੇ ਹਨ। ਇਸ ਤੇ ਵੀ ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਸਭ ਸਾਹਮਣੇ ਤੁਹਾਡਾ ਪੇਸ਼ਾ ਦੱਸ ਦੇਵਾਂ ।"

ਉਹ ਆਦਮੀ ਬੇਸ਼ਰਮ ਹੋ ਕੇ ਅਪਣਾ ਸਿਰ ਹਿਲਾਕੇ ਇਨਕਾਰ ਕਰਨ ਲੱਗ ਪਿਆ ਅਤੇ ਤੁਪਕਰੀ ਨੂੰ ਚੁੱਪ-ਚਾਪ ਅੱਠਨੀ ਦੇਣ ਲੱਗਿਆ ।

ਮੈਂ ਤੁਪਕਰੀ ਦੇ ਕੰਨ ਵਿੱਚ ਕਿਹਾ, "ਇਸ ਤੋਂ ਅੱਠਨੀ ਨਾ ਲੈਣੀ, ਸੀ. ਆਈ. ਡੀ ਦਾ ਆਦਮੀ ਹੈ ।"

ਉਹ ਆਦਮੀ ਚੁੱਪ ਚਾਪ ਤੁਰ ਗਿਆ । ਹੁਣ ਮੈਂ ਉਸ ਨੂੰ ਕੀ ਕਹਿੰਦਾ । ਜ਼ਿੰਦਗੀ ਵਿੱਚ ਇੰਨੀ ਵਾਰ ਪੁਲੀਸ ਵਾਲਿਆਂ ਨਾਲ ਵਾਹ ਪੈ ਚੁੱਕਿਆ ਹੈ ਕਿ ਮੇਰੇ ਲਈ ਸੀ. ਆਈ ਡੀ ਦੇ ਆਦਮੀ ਨੂੰ ਪਹਿਚਾਨਣਾ ਕੋਈ ਮੁਸ਼ਕਲ ਕੰਮ ਨਹੀਂ ਹੈ ।

ਇਸ ਪਿਛੋਂ ਤਾਂ ਸੁਆਲਾਂ ਦੀ ਵਰਖਾ ਹੋਣ ਲੱਗ ਪਈ । ਅਠਿਆਨੀਆਂ ਹੀ ਅਠਿਆਨੀਆਂ ਡਿੱਗਣ ਲੱਗ ਪਈਆਂ । ਭੀੜ ਵੱਧਦੀ ਗਈ । ਅਤੇ ਭੀੜ ਦੀ ਬੇਤਾਬੀ ਵਧਦੀ ਗਈ । ਸ਼ੋਰ ਵੱਧਦਾ ਗਿਆ । ਤੁਪਕਰੀ ਖੁਸ਼ ਹੋ ਕੇ ਜ਼ੋਰ ਜ਼ੋਰ ਨਾਲ ਢੋਲ ਪਿੱਟਦਾ ਸੀ । ਲਲਤਾ ਅਪਣੇ ਕੰਠ ਦੀ ਪੂਰੀ ਸ਼ਕਤੀ ਨਾਲ ਭੋਂਪੂ ਵਜਾ ਰਹੀ ਸੀ ।

ਭੀੜ ਦਾ ਜ਼ੋਰ ਵੱਧਦਾ ਵੇਖਕੇ 'ਦੱਕਨ ਟਾਕੀਜ਼' ਦਾ ਮੈਨੇਜਰ ਵੀ ਦਫਤਰ ਤੋਂ ਬਾਹਰ ਨਿਕਲ ਆਇਆ ਅਤੇ ਭੀੜ ਚੀਰਕੇ ਮੇਰੇ ਕੋਲ ਪਹੁੰਚਿਆ ।

ਬੋਲਿਆ, "ਅੱਜ ਮੇਰੇ ਪਿੱਕਚਰ ਹਾਊਸ ਵਿੱਚ ਰਾਤ ਨੂੰ ਨੌਂ ਵੱਜੇ ਕੀ ਹੋਣ ਵਾਲਾ ਹੈ ?"

"ਪ੍ਰੀਮੀਅਰ," ਮੈਂ ਫੌਰਨ ਉੱਤਰ ਦਿੱਤਾ ।

"ਕਿਹੜੀ ਪਿੱਕਚਰ ਦਾ ?"

"ਦਿਲੇ ਨਾਦਾਂ ਤੁਝੇ ਹੂਆ ਕਿਆ ਹੈ !"

"ਇਸ ਵਿੱਚ ਕੌਣ ਕੰਮ ਕਰ ਰਿਹਾ ਹੈ ?"

"ਰਾਜ ਕਪੂਰ, ਸ਼ਸ਼ੀ ਕਪੂਰ, ਵਿਜੰਤੀ ਮਾਲਾ, ਅਤੇ ਨਿੰਮੀ ।"

"ਪਿੱਕਚਰ ਕਿੰਨੇ ਹਫ਼ਤੇ ਚੱਲੇਗੀ ?"

ਮੈਨੂੰ ਪਤਾ ਸੀ, ਇਹ ਪਿੱਕਚਰ ਬੰਬਈ, ਦਿੱਲੀ ਅਤੇ ਕਲਕੱਤਾ ਵਿੱਚ ਸਿਲਵਰ ਜੁਬਲੀ ਮਨਾ ਚੁੱਕੀ ਹੈ, ਇਸ ਲਈ ਮੈਨੂੰ ਅੰਦਾਜ਼ਾ ਲਾਉਣ ਵਿੱਚ ਬਿਲਕੁਲ ਦੇਰ ਨਾ ਹੋਈ । ਫਿਰ ਵੀ ਮੈਨੂੰ ਸ਼ਰਾਰਤ ਸੁੱਝੀ । ਮੈਂ ਕਿਹਾ, "ਪਿੱਕਚਰ ਦੇਖ ਕੇ ਦੱਸ ਸਕਦਾ ਹਾਂ ।"

ਮੈਨੇਜਰ ਖੁਸ਼ ਹੋ ਕੇ ਬੋਲਿਆ, "ਤਾਂ ਅੱਜ ਰਾਤ ਪ੍ਰੀਮੀਅਰ ਤੇ ਮੇਰਾ ਸੱਦਾ ਪ੍ਰਵਾਨ ਕਰੋ ।"

"ਮਨਜ਼ੂਰ ਹੈ ।" ਮੈਂ ਬੋਲਿਆ ।

ਮੈਨੇਜਰ ਨੇ ਦੱਸ ਰੁਪਏ ਦਾ ਨੋਟ ਤੁਪਕਰੀ ਦੇ ਹੱਥ ਵਿਚ ਦਿੱਤਾ, ਤਿੰਨ ਸੀਟਾਂ ਦਾ ਸੱਦਾ-ਪੱਤਰ ਵੀ ਦਿਤਾ ਅਤੇ ਇਹ ਕਹਿੰਦਾ ਹੋਇਆ ਵਿਦਾ ਹੋਇਆ, "ਅੱਜ ਸ਼ਾਮ ਨੂੰ ਨੌਂ ਵਜੇ ।"

... ... ... ...

(ਜਾਣਾ ਗੱਧੇ ਦਾ ਦੱਕਨ ਟਾਕੀਜ਼ ਦੇ ਪ੍ਰੀਮੀਅਰ ਵਿਚ ਅਤੇ ਉਦਘਾਟਨ ਕਰਨਾ ਫ਼ਿਲਮ 'ਦਿਲੇ ਨਾਦਾਂ ਤੁਝੇ ਹੂਆ ਕਿਆ ਹੈ' ਦਾ ਅਤੇ ਬਿਆਨ ਫ਼ਿਲਮੀ ਸਿਤਾਰਿਆਂ ਦਾ)

ਦੱਕਨ ਟਾਕੀਜ਼ ਦੇ ਮੈਨੇਜਰ ਸ੍ਰੀ ਆਠਵਲੇ ਮੈਨੂੰ ਬਹੁਤ ਜ਼ਿੰਦਾ ਦਿਲ ਅਤੇ ਖੁਸ਼ਮਿਜ਼ਾਜ ਮਲੂਮ ਹੋਏ । ਉਨ੍ਹਾਂ ਨੇ ਮੇਰੀਆਂ ਗੱਲਾਂ ਸੁਣਕੇ ਮੈਨੂੰ ਇਸ ਫ਼ਿਲਮੀ ਪ੍ਰੀਮੀਅਰ ਦਾ ਉਦਘਾਟਨ ਕਰਨ ਦੇ ਲਈ ਚੁਣ ਲਿਆ, ਅਤੇ ਚੁਨਣ ਸਾਰ ਹੀ ਸਾਰੇ ਸ਼ਹਿਰ ਵਿਚ ਪੋਸਟਰ ਲਗਾ ਦਿਤੇ ਕਿ ਫ਼ਿਲਮ 'ਦਿਲੇ ਨਾਦਾਂ ਤੁਝੇ ਹੂਆ ਕਿਆ ਹੈ' ਦਾ ਉਦਘਾਟਨ ਸ੍ਰੀ ਗ. ਗ. ਗਧੇ ਜੀ ਕਰਨਗੇ । ਉਹ ਨਾ ਸਿਰਫ ਮਨੁਖਾਂ ਦੀ ਬੋਲੀ ਬੋਲਣਗੇ ਸਗੋਂ ਉਦਘਾਟਨ ਦੇ ਵਿਚਕਾਰ ਤੁਹਾਨੂੰ ਇਕ ਫ਼ਿਲਮੀ ਗਾਣਾ ਵੀ ਸੁਣਾਉਣਗੇ ।

ਮੈਂ ਸ੍ਰੀ ਆਠਵਲੇ ਨੂੰ ਕਿਹਾ, "ਇਹ ਤੁਸੀਂ ਕੀ ਕਰ ਰਹੇ ਹੋ ? ਫ਼ਿਲਮ ਦਾ ਉਦਘਾਟਨ ਤਾਂ ਸਦਾ ਕਿਸੇ ਚਮਕਦੇ ਹੋਏ ਸਿਤਾਰੇ ਤੋਂ ਕਰਵਾਇਆ ਜਾਂਦਾ ਹੈ । ਜਾਂ ਫਿਰ ਕਿਸੇ ਵੱਡੇ ਆਦਮੀ ਤੋਂ ।"

ਸ੍ਰੀ ਆਠਵਲੇ ਨੇ ਕਿਹਾ, "ਉਹ ਤਰੀਕਾ ਬਹੁਤ ਪੁਰਾਣਾ ਹੋ ਚੁਕਿਆ ਹੈ ਉਸ ਵਿਚ ਹੁਣ ਕੋਈ ਨਵੀਂ ਗੱਲ



Namdhari Elibrary NamdhariElibrary@gmail.com

ਨਹੀਂ ਰਹੀ। ਪਬਲੀਸਿਟੀ ਲਈ ਹਮੇਸ਼ਾ ਕੋਈ ਨਵਾਂ ਸਟੰਟ ਸੋਚਣਾ ਚਾਹੀਦਾ ਹੈ। ਤੁਸੀਂ ਵੇਖਣਾ, ਅਜ ਰਾਤ ਤਕ ਨਾ ਸਿਰਫ ਅਗਲੇ ਦੋ ਹਫਤਿਆਂ ਦੇ ਲਈ ਐਡਵਾਂਸ ਬੁਕਿੰਗ ਫੁੱਲ ਹੋ ਜਾਵੇਗੀ ਸਗੋਂ ਇੰਨੇ ਲੋਕ ਆਉਣਗੇ ਕਿ ਦੱਕਨ ਟਾਕੀਜ਼ ਦੇ ਬਾਹਰ ਵੀ ਤਿਲ ਧਰਨ ਨੂੰ ਥਾਂ ਨਹੀਂ ਮਿਲੇਗੀ।"

"ਪਰ ਕੁਝ ਅੱਛਾ ਨਹੀਂ ਲੱਗਦਾ" ਮੈਂ ਫਿਰ ਟੋਕਿਆ, "ਇੰਨੀ ਵੱਡੀ ਫਿਲਮ। ਅਤੇ ਉਸਦਾ ਉਦਘਾਟਨ ਇਕ ਗਧਾ ਕਰੇ।"

"ਉਦਘਾਟਨ ਕਰਨ ਵਿਚ ਕੋਈ ਜ਼ਿਆਦਾ ਅਕਲ ਦੀ ਜ਼ਰੂਰਤ ਨਹੀਂ ਹੁੰਦੀ। ਇਕ ਰੇਸ਼ਮੀ ਫੀਤਾ ਹੁੰਦਾ ਹੈ ਅਤੇ ਇਕ ਕੈਂਚੀ ਹੁੰਦੀ ਹੈ। ਕੈਂਚੀ ਨਾਲ ਰੇਸ਼ਮੀ ਫੀਤੇ ਨੂੰ ਕੱਟ ਦਿੱਤਾ ਜਾਂਦਾ ਹੈ।"

"ਉਦਘਾਟਨ ਕਰਨ ਵਿਚ ਕੈਂਚੀ ਕਿਉਂ ਹੁੰਦੀ ਹੈ" ਮੈਂ ਪੁਛਿਆ।

"ਕਿਉਂ ਤੁਹਾਨੂੰ ਕੈਂਚੀ ਤੇ ਕਿਉਂ ਇਤਰਾਜ਼ ਹੈ?" ਸ੍ਰੀ ਆਠਵਲੇ ਨੇ ਮੈਨੂੰ ਪੁਛਿਆ।

"ਪਤਾ ਨਹੀਂ ਕੀ ਗੱਲ?" ਮੈਂ ਆਪਣੇ ਲੰਮੇ ਲੰਮੇ ਕੰਨ ਹਿਲਾਉਂਦੇ ਕਿਹਾ, "ਉਦਘਾਟਨ ਦੇ ਸਮੇਂ ਕੈਂਚੀ ਵੇਖਕੇ ਮੈਨੂੰ ਹਮੇਸ਼ਾ ਇਹ ਅਨੁਭਵ ਹੁੰਦਾ ਹੈ ਕਿ ਇਕ ਵੱਡਾ ਆਦਮੀ ਹੈ ਜਿਹੜਾ ਕੈਂਚੀ ਲੈ ਕੇ ਬਹੁਤ ਸਾਰੇ ਛੋਟੇ ਆਦ-ਮੀਆਂ ਦੀਆਂ ਜੇਬਾਂ ਕੱਟ ਰਿਹਾ ਹੈ।"

ਸ੍ਰੀ ਆਠਵਲੇ ਹੱਸੇ, ਬੋਲੇ, "ਬਹੁਤ ਚਲਾਕ ਹੋ ਇਸ ਲਈ ਮੈਂ ਤੁਹਾਨੂੰ ਅੱਜ ਦੇ ਉਦਘਾਟਨ ਲਈ ਵੱਡਾ ਆਦਮੀ ਬਣਾ ਰਿਹਾ ਹਾਂ। ਤੁਹਾਨੂੰ ਇਕ ਭਾਸ਼ਣ ਵੀ ਦੇਣਾ ਹੋਵੇਗਾ। ਇਸ ਮੌਕੇ ਉਤੇ।"

"ਇੰਨੇ ਫਿਲਮੀ ਸਿਤਾਰਿਆਂ ਵਿਚ, ਜਗਮਗਾਂਦੇ ਹੋਏ ਭਰੇ ਹਾਲ ਵਿਚ ਭਾਸ਼ਣ ਕਿਸ ਤਰ੍ਹਾਂ ਦੇਵਾਂਗਾ? ਮੈਨੂੰ ਡਰ ਲੱਗਦਾ ਹੈ।"

"ਤੁਹਾਡੇ ਡਰ ਦਾ ਪ੍ਰਬੰਧ ਵੀ ਕਰ ਲਿਆ ਹੈ" ਸ੍ਰੀ ਆਠਵਲੇ ਬੋਲੇ, "ਕੀ ਤੁਹਾਡੇ ਕੋਲ ਪਰਮਿਟ ਹੈ?"

"ਹੈ ਤਾਂ ਸਹੀ," ਮੈਂ ਕਿਹਾ, "ਜਦੋਂ ਬੰਬਈ ਵਿੱਚ ਫਿਲਮ ਪ੍ਰੋਡਿਊਸਰ ਸੀ ਤਾਂ ਮੈਂ ਸ਼ਰਾਬ ਦਾ ਪਰਮਿਟ ਲਿਆ ਸੀ। ਪਰ ਫਾਰਮ ਭਰਦੇ ਹੋਏ ਉਨ੍ਹਾਂ ਨੇ ਮੈਥੋਂ ਇਕ ਅਜੀਬ ਗੱਲ ਪੁੱਛੀ ਸੀ।"

"ਕੀ?"

"ਉਨ੍ਹਾਂ ਨੇ ਦੂਜੀਆਂ ਗੱਲਾਂ ਦੇ ਨਾਲ-ਨਾਲ ਮੈਨੂੰ ਪੁੱਛਿਆ, ਤੁਹਾਡੀ ਮਾਸਿਕ ਆਮਦਨੀ ਕੀ ਹੈ?"

ਮੈਂ ਕਿਹਾ, "ਜਿੰਨੀ ਠੀਕ ਸਮਝੋ, ਲਿਖ ਲਵੋ। ਮੇਰੇ ਬੈਂਕ ਦੇ ਹਿਸਾਬ ਵਿੱਚ ਤੀਹ ਲੱਖ ਰੁਪਏ ਜਮਾਂ ਹਨ। ਪਰ ਪਰਮਿਟ ਲੈਣ ਦੇ ਲਈ ਡਾਕਟਰ ਦਾ ਸਰਟੀਫੀਕੇਟ ਹੀ ਕਿਉਂ ਕਾਫ਼ੀ ਨਹੀਂ ਹੈ? ਆਮਦਨੀ ਕਿਉਂ ਵੇਖੀ ਜਾਂਦੀ ਹੈ? ਕੀ ਦਵਾਈ ਦੇਣ ਵੇਲੇ ਕਿਸੇ ਰੋਗੀ ਤੋਂ ਉਸਦੀ ਆਮਦਨੀ ਪੁੱਛੀ ਜਾਂਦੀ ਹੈ? ਸੁਣਿਆ ਹੈ ਉਧਰ ਯੂ. ਪੀ ਵਿੱਚ ਵੀ ਕੋਈ ਅਜੇਹਾ ਕਾਨੂੰਨ ਲਾਗੂ ਹੋ ਚੁਕਿਆ ਹੈ, ਜਾਂ ਲਾਗੂ ਹੋਣ ਵਾਲਾ ਹੈ ਜਿਸ ਦੇ ਰਾਹੀਂ ਸ਼ੱਕਰ ਦਾ ਰਾਸ਼ਨ ਲੈਣ ਵਾਲਿਆਂ ਦੇ ਲਈ ਵੀ ਉਨ੍ਹਾਂ ਦੀ ਆਮਦਨੀ ਪੁੱਛੀ ਜਾਵੇਗੀ—ਇਹ ਫਰਕ ਕਿਹੋ ਜਿਹਾ ਹੈ?"

ਆਠਵਲੇ ਨੇ ਕਿਹਾ, "ਜੇ ਇਹ ਫਰਕ ਨਾ ਹੋਵੇ ਤਾਂ ਵੱਡੇ ਆਦਮੀ ਛੋਟੇ-ਛੋਟੇ ਆਦਮੀਆਂ ਤੇ ਕੈਂਚੀ ਕਿਵੇਂ ਫੇਰਨਗੇ?"

"ਪਰ ਫੇਰ ਇਕ ਸੁਆਲ ਇਹ ਵੀ ਪੈਦਾ ਹੁੰਦਾ ਹੈ," ਮੈਂ ਕਿਹਾ, "ਜੇ ਸ਼ਰਾਬ ਪੀਣਾ ਜੁਰਮ ਹੈ ਤਾਂ ਪਰਮਿਟ ਦੇ ਕੇ ਉਸ ਜੁਰਮ ਦੀ ਆਗਿਆ ਕਿਉਂ ਦਿੱਤੀ ਜਾਂਦੀ ਹੈ? ਇਸ ਤਰ੍ਹਾਂ ਤਾਂ ਫਿਰ ਦੂਸਰੇ ਦੋਸ਼ਾਂ ਦੇ ਲਈ ਵੀ ਪਰਮਿਟ ਹੋਣਾ ਚਾਹੀਦਾ ਹੈ; ਚੋਰੀ ਦੇ ਲਈ ਪ੍ਰਮਿਟ ਹੋਵੇ, ਡਾਕੇ ਲਈ ਪਰਮਿਟ ਹੋਵੇ—ਅਪਹਰਣ ਲਈ ਪਰਮਿਟ ਹੋਵੇ—ਮਾਰਨ ਲਈ ਪਰਮਿਟ ਹੋਵੇ ਅਤੇ ਜਿੰਨਾ ਸਖਤ ਦੋਸ਼ ਹੋਵੇ ਉਨ੍ਹਾਂ ਹੀ ਵੱਡਾ ਪਰਮਿਟ ਹੋਵੇ ਅਤੇ ਉਨੀ ਹੀ ਵੱਡੀ ਉਸਦੀ ਫੀਸ ਹੋਵੇ। ਮੇਰੇ ਵਿਚਾਰ ਵਿੱਚ ਇਸ ਤਰਾਂ ਤਾਂ ਕਰੋੜਾਂ ਕੀ ਅਰਬਾਂ ਰੁਪਇਆਂ ਦੀ ਆਮਦਨੀ ਸਾਨੂੰ ਹੋ ਸਕਦੀ ਹੈ ਅਤੇ ਅਸੀਂ ਅਪਣੇ ਪਾਪਾਂ ਦੇ ਪਰਮਿਟਾਂ ਤੋਂ ਇਕ ਨਹੀਂ ਸਗੋਂ ਕਈ ਪੰਜ ਸਾਲੀ ਯੋਜਨਾਵਾਂ ਪੂਰੀਆਂ ਕਰ ਸਕਦੇ ਹਾਂ।"

ਸ੍ਰੀ ਆਠਵਲੇ ਮੇਰਾ ਮੂੰਹ ਵੇਖਣ ਲੱਗੇ।

ਮੈਂ ਕਿਹਾ, "ਸੰਭਵ ਹੈ, ਮੈਂ ਗਲਤ ਸੋਚਦਾ ਹੋਵਾਂ। ਆਖਰ ਤਾਂ ਮੈਂ ਇਕ ਗਧਾ ਹਾਂ। ਪਰ ਤੁਸੀਂ ਸਮਝਾ ਦੇਵੋ ਨਾ।"

"ਤੁਹਾਡੇ ਵਰਗਿਆਂ ਗਧਿਆਂ ਨੂੰ ਸਮਝਾਉਣਾ ਬਹੁਤ ਮੁਸ਼ਕਿਲ ਹੈ," ਸ੍ਰੀ ਅਠਵਲੇ ਹੱਸਕੇ ਬੋਲੇ ਅਤੇ ਮੇਰੇ ਸਾਹਮਣੇ



Namdhari Elibrary NamdhariElibrary@gmail.com

ਪਰਮਿਟ ਦੀ ਬੋਤਲ ਰੱਖਦੇ ਹੋਏ ਬੋਲੇ, "ਲੋ, ਪੀਓ, ਤਾਕਿ ਦਿਲ ਦਾ ਡਰ ਨਿਕਲ ਜਾਵੇ ਅਤੇ ਤੁਸੀਂ ਕੋਈ ਚੰਗਾ ਜਿਹਾ ਭਾਸ਼ਣ ਕਰ ਸਕੋ।"

ਮੈਂ ਪਹਿਲਾ ਪੈੱਗ ਉਠਾਇਆ ਅਤੇ ਮੁਸਕਰਾ ਕੇ ਕਿਹਾ :—

"ਪਰਮਿਟ ਦੀ ਪੀਂਦੇ ਸੀ ਸ਼ਰਾਬ ਅਤੇ ਦਿਲ ਵਿਚ ਕਹਿੰਦੇ ਸੀ :

ਰੰਗ ਲਿਆਏਗੀ ਸਾਡੀ ਫਾਕਾਮਸਤੀ ਇਕ ਦਿਨ।"

ਸ੍ਰੀ ਅਠਵਲੇ ਨੇ ਬਿਲਕੁਲ ਠੀਕ ਕਿਹਾ ਸੀ। ਸੱਤ ਵਜੇ ਹੀ ਦੱਕਨ ਟਾਕੀਜ਼ ਦੇ ਬਾਹਰ ਲੋਕਾਂ ਦੀ ਭੀੜ ਸ਼ੁਰੂ ਹੋ ਗਈ। ਪੁਲੀਸ ਦਾ ਇੰਤਜ਼ਾਮ ਬਹੁਤ ਚੰਗਾ ਸੀ। ਪਰ ਸਾਢੇ ਅੱਠ ਵਜੇ ਦੇ ਲਗਪਗ ਭੀੜ ਇੰਨੀ ਵਧ ਗਈ ਕਿ ਸ੍ਰੀ ਅਠਵਾਲੇ ਨੂੰ ਟੈਲੀਫੂਨ ਕਰਕੇ ਪੁਲੀਸ ਬੁਲਾਉਣੀ ਪਈ। ਵੱਡੇ ਆਦਮੀਆਂ ਦੀ ਰਖਿਆ ਦੇ ਲਈ ਤਾਂ ਪੁਲੀਸ ਆਉਂਦੀ ਹੈ ਪਰ ਇਕ ਗਧੇ ਲਈ ਇੰਨੀ ਪੁਲੀਸ ਕਦੀ ਨਹੀਂ ਆਈ ਸੀ। ਹਜ਼ਾਰਾਂ ਦੀ ਸੰਖਿਆ ਵਿਚ ਲੋਕ ਮੈਨੂੰ ਵੇਖਣ ਲਈ ਬੇਤਾਬ ਸਨ।

ਪੌਣੇ ਨੌਂ ਵਜੇ ਦੇ ਲਗਭਗ ਸ੍ਰੀ ਅਠਵਲੇ ਮੈਨੂੰ ਹਾਰਾਂ ਨਾਲ ਲੱਦ ਕੇ ਭੀੜ ਨੂੰ ਚੀਰਦੇ ਹੋਏ ਸਿਨਮਾ ਦੇ ਅੰਦਰ ਲੈ ਜਾਣ ਲੱਗੇ। ਮੈਨੂੰ ਵੇਖਦੇ ਹੀ ਬਾਹਰ ਖੜੇ ਲੋਕਾਂ ਨੇ ਹੱਸਣਾ ਸ਼ੁਰੂ ਕਰ ਦਿਤਾ ਅਤੇ ਜ਼ੋਰ ਜ਼ੋਰ ਨਾਲ ਤਾੜੀਆਂ ਬਜਾਉਣ ਲੱਗੇ। ਮੈਂ ਵੀ ਦੰਦ ਕੱਢਦਾ ਹੋਇਆ ਆਪਣੇ ਲੰਮੇ ਲੰਮੇ ਕੰਨਾਂ ਨਾਲ ਸਮਝੋ ਦੋਵੇਂ ਹੱਥ ਜੋੜਦਾ ਹੋਇਆ, ਭੀੜ ਨੂੰ ਚੀਰਦਾ ਹੋਇਆ ਸਿਨੇਮਾ ਹਾਲ ਦੇ ਅੰਦਰ ਚਲਾ ਗਿਆ।

ਸਿਨੇਮਾ ਦੇ ਅੰਦਰ ਜਾ ਕੇ ਮੈਂ ਕੈਂਚੀ ਦੀ ਥਾਂ ਆਪਣੇ ਦੰਦਾਂ ਨਾਲ ਰੇਸ਼ਮੀ ਫੀਤਾ ਕਟਿਆ। ਫਿਰ ਪਰਦਾ ਸਰਕਿਆ ਅਤੇ ਸਕਰੀਨ ਨਜ਼ਰ ਆਈ ਅਤੇ ਸਕਰੀਨ ਦੇ ਸਾਹਮਣੇ ਕੁਰਸੀਆਂ ਉਤੇ ਫਿਲਮ ਵਿਚ ਕੰਮ ਕਰਨ ਵਾਲੇ ਸਿਤਾਰੇ ਭੜਕੀਲੇ ਕਪੜੇ ਪਾਈ ਨਜ਼ਰ ਆਏ। ਲੋਕਾਂ ਨੇ ਖੁਸ਼ ਹੋ ਕੇ ਵਾਰ ਵਾਰ ਤਾੜੀਆਂ ਵਜਾਈਆਂ। ਸ਼ਸ਼ੀ ਕਪੂਰ, ਵਿਜੰਤੀ ਮਾਲਾ, ਨਿੰਮੀ ਅਤੇ ਦੂਸਰੇ ਸਿਤਾਰਿਆਂ ਨਾਲ ਮੇਰੀ ਜਾਣ ਪਹਿਚਾਣ ਕਰਵਾਈ ਗਈ ਅਤੇ ਫ਼ਿਰ ਮੈਨੂੰ ਇਕ ਮਾਈਕ ਦੇ ਸਾਹਮਣੇ ਖੜਾ ਕਰ ਦਿਤਾ ਅਤੇ ਸ੍ਰੀ ਆਠਵਲੇ ਨੇ ਲੋਕਾਂ ਦੀਆਂ ਚੀਕਾਂ, ਆਵਾਜ਼ਾਂ ਅਤੇ ਤਾੜੀਆਂ ਦੇ ਵਿਚ ਮੈਨੂੰ ਭਾਸ਼ਣ ਦੇਣ ਲਈ ਕਿਹਾ।

ਮੈਂ ਮਾਈਕ ਤੇ ਆ ਕੇ ਕਿਹਾ, "ਭਾਈਓ ਅਤੇ ਭੈਣੋ।"

ਇਸ ਤੇ ਜ਼ੋਰ ਦਾ ਹਾਸਾ ਮਚਿਆ।

"ਇਸ ਸ਼ਾਨਦਾਰ ਅਤੇ ਖ਼ੂਬਸੂਰਤ ਫਿਲਮ ਦੇ ਉਦਘਾਟਨ ਤੇ ਮੈਨੂੰ ਬੁਲਾ ਕੇ ਜੋ ਕਾਰਵਾਈ ਕੀਤੀ ਗਈ ਹੈ ਇਹ ਅਸਲ ਵਿਚ ਅਸੀਂ ਸਭ ਗਧਿਆਂ ਦੀ ਇੱਜ਼ਤ ਵਧਾਈ ਹੈ। ਸ੍ਰੀ ਆਠਵਲੇ ਦਾ ਇਸ ਮੌਕੇ ਦੇ ਲਈ ਇਕ ਗਧੇ ਨੂੰ ਫਿਲਮ ਪ੍ਰੀਮੀਅਰ ਦੇ ਲਈ ਚੁਨਣਾ ਬੇ ਸਬੱਬ ਨਹੀਂ ਹੈ। ਅਸਲ ਵਿਚ ਇਹ ਇਸ ਸੱਚ ਨੂੰ ਸਵੀਕਾਰ ਕਰਨਾ ਹੈ ਕਿ ਹਿੰਦੁਸਤਾਨ ਵਿਚ ਆਮ ਤੌਰ ਤੇ ਜੋ ਫਿਲਮਾਂ ਬਣਦੀਆਂ ਹਨ ਉਹ ਇਸ ਸ਼੍ਰੇਣੀ ਦੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਇਕ ਗਧਾ ਵੀ ਅਸਾਨੀ ਨਾਲ ਸਮਝ ਸਕਦਾ ਹੈ। ਸਗੋਂ ਕੁਝ ਜਾਹਿਲ ਲੋਕ ਤਾਂ ਇਥੋਂ ਤੱਕ ਕਹਿੰਦੇ ਸੁਣੇ ਗਏ ਹਨ ਕਿ ਉਨ੍ਹਾਂ ਨੂੰ ਸਿਰਫ਼ ਇਕ ਗਧਾ ਹੀ ਸਮਝ ਸਕਦਾ ਹੈ। ਪਰ ਮੈਂ ਅਜੇਹੀ ਰਾਏ ਨਹੀਂ ਰੱਖਦਾ। ਹਾਂ, ਇੰਨਾ ਜ਼ਰੂਰ ਕਹਿ ਸਕਦਾ ਹਾਂ ਕਿ ਫਿਲਮ ਇਕ ਅਜੇਹੀ ਮਨੋਰੰਜਨ ਹੈ ਜਿਸਨੂੰ ਸਮਝਣ ਦੇ ਲਈ ਅਤੇ ਜਿਸਨੂੰ ਪ੍ਰਫੁੱਲਤ ਹੋਣ ਦੇ ਲਈ ਜ਼ਿਆਦਾ ਅਕਲ ਦੀ ਜ਼ਰੂਰਤ ਨਹੀਂ। ਪਰ ਦੂਸਰੇ ਮਨੋਰੰਜਨਾਂ ਵਿੱਚ ਜ਼ਰੂਰ ਅਕਲ ਦੀ ਜ਼ਰੂਰਤ ਪੈਂਦੀ ਹੈ। ਜੇ ਤੁਸੀਂ ਇਕ ਨਾਵਲ ਤੋਂ ਆਨੰਦ ਲੇਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਪੜ੍ਹਿਆ-ਲਿਖਿਆ ਹੋਣਾ ਜ਼ਰੂਰੀ ਹੈ। ਸ਼ੇਕਸਪੀਅਰ ਦਾ ਡਰਾਮਾ ਸਮਝਣ ਦੇ ਲਈ ਵੀ ਅਕਲ ਦੀ ਜ਼ਰੂਰਤ ਹੈ। ਪੱਕੇ ਰਾਗ ਦਾ ਮਜ਼ਾ ਲੈਣ ਲਈ ਵੀ ਸੰਗੀਤ ਦਾ ਥੋੜਾ ਜਿਹਾ ਗਿਆਨ ਜ਼ਰੂਰੀ ਹੈ। ਪਰ ਫਿਲਮ ਵੇਖਣ ਲਈ ਸਿਰਫ਼ ਇੰਨਾ ਕਾਫ਼ੀ ਹੈ ਕਿ ਤੁਹਾਡੀਆਂ ਦੋ ਅੱਖਾਂ ਹੋਣ ਅਤੇ ਕੰਨ ਹੋਣ, ਸਗੋਂ ਜੇ ਇਕ ਅੱਖ ਤੇ ਇਕ ਕੰਨ ਹੋਵੇ ਤਾਂ ਵੀ ਠੀਕ ਹੈ।

"ਇਸ ਲਈ ਆਮ ਤੌਰ ਤੇ ਸਾਡੇ ਇਥੇ ਜੋ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ ਜ਼ਿਆਦਾ ਤਰ ਅੱਖ ਅਤੇ ਕੰਨ ਨੂੰ ਖ਼ੁਸ਼ ਕਰਨ ਦੇ ਲਈ ਬਣਾਈਆਂ ਜਾਂਦੀਆਂ ਹਨ—ਅੱਖ ਤੋਂ ਨਜ਼ਰ ਆਉਂਦਾ ਰਹੇ ਅਤੇ ਕੰਨ ਵਿਚ ਕੁਝ ਪੈਂਦਾ ਰਹੇ। ਬੱਸ, ਇੰਨਾ ਹੀ ਕਾਫ਼ੀ ਹੈ। ਦਿਮਾਗ਼ ਨੂੰ ਖੁਸ਼ ਰੱਖਣ ਲਈ ਕੋਈ ਫਿਲਮ ਨਹੀਂ ਬਣਾਈ ਜਾਂਦੀ, ਕਿਉਂਕਿ ਕਿਸੇ ਨਾ ਕਿਸੇ ਤਰ੍ਹਾਂ ਨਾਲ



Namdhari Elibrary NamdhariElibrary@gmail.com

ਇਹ ਸਮਝ ਲਿਆ ਗਿਆ ਕਿ ਦੇਖਣ ਵਾਲਿਆਂ ਦੇ ਕੋਲ ਦਿਮਾਗ ਨਹੀਂ ਹੁੰਦਾ, ਯਾਨੀ ਉਹ ਸਭ ਮੇਰੇ ਵਾਂਗ ਗਧੇ ਹੁੰਦੇ ਹਨ ਅਤੇ ਅਜੇਹੀਆਂ ਹੀ ਫ਼ਿਲਮਾਂ ਪਸੰਦ ਕਰਦੇ ਹਨ।

"ਪਰ ਇਸ ਵਿਚ ਸਿਰਫ ਫ਼ਿਲਮ ਬਣਾਉਣ ਵਾਲਿਆਂ ਦਾ ਕਸੂਰ ਨਹੀਂ ਹੈ। ਮੈਂ ਬਹੁਤ ਦੇਖਿਆ ਹੈ ਕਿ ਬਹੁਤ ਸਾਰੇ ਲੋਕ ਜਦੋਂ ਫ਼ਿਲਮ ਦੇਖਣ ਆਉਂਦੇ ਹਨ ਤਾਂ ਅਪਣੀ ਅਕਲ ਅਤੇ ਅਪਣਾ ਦਿਮਾਗ ਘਰ ਭੁੱਲ ਆਉਂਦੇ ਹਨ। ਅਜੇਹੀ ਹਾਲਤ ਵਿਚ ਕੋਈ ਫਿਲਮ ਨਿਰਮਾਤਾ ਅੱਛੀ ਪਿਕਚਰ ਬਣਾਉਣ ਦੀ ਹਿੰਮਤ ਕਿਵੇਂ ਕਰੇ? ਤਦ ਵੀ ਕਈ ਮਨ-ਚਲਿਆਂ ਨੇ ਹਿੰਮਤ ਦਿਖਾਈ ਅਤੇ ਕਈ-ਇਕ ਅਜੇਹੀਆਂ ਚੰਗੀਆਂ ਅਤੇ ਸੁੰਦਰ ਫਿਲਮਾਂ ਬਣਾਈਆਂ ਜਿਨ੍ਹਾਂ ਨੂੰ ਦੇਖਣ ਲਈ ਅਤੇ ਸਮਝਣ ਲਈ ਥੋਹੜੀ ਜਿਹੀ ਅਕਲ ਦੀ ਜ਼ਰੂਰਤ ਸੀ-ਪਰ ਉਹ ਸਭ ਫਿਲਮਾਂ ਫੇਲ੍ਹ ਹੋ ਗਈਆਂ। ਫਿਲਮ ਕੰਪਨੀ ਦਾ ਧਾਟੀਜਾ ਆਉਟ ਹੋ ਗਿਆ ਅਤੇ ਫਾਈਨੈਂਨਸਰ ਦੀਵਾ-ਲੀਆ ਹੋ ਗਿਆ।

"ਇਸ ਲਈ ਫਿਲਮਾਂ ਬਨਾਉਣ ਵਾਲਿਆਂ ਨੂੰ ਦੋਸ਼ੀ ਕਹਿਣਾ ਗਲਤ ਹੈ। ਇਹ ਠੀਕ ਹੈ ਕਿ ਅਕਸਰ ਫਿਲਮ—ਨਿਰਮਾਤਾ ਸਿਰਫ ਅਨੁਭਵਾਂ ਅਤੇ ਭਾਵਨਾਵਾਂ ਦੇ ਹੇਠਲੀ ਸਤਹ ਤੇ ਸੋਚਦੇ ਹਨ ਅਤੇ ਅਜੇਹੀਆਂ ਹੀ ਫਿਲਮਾਂ ਬਣਾਉਂਦੇ ਹਨ। ਪਰ ਸਵਾਲ ਇਹ ਹੈ ਕਿ ਫਿਰ ਲੋਕ ਉਨ੍ਹਾਂ ਨੂੰ ਕਿਉਂ ਦੇਖਦੇ ਹਨ ਅਤੇ ਜ਼ਿਆਦਾ ਤੋਂ ਜ਼ਿਆਦਾ ਉਨ੍ਹਾਂ ਨੂੰ ਕਿਉਂ ਵੇਖਦੇ ਹਨ? ਅਤੇ ਅਪਣੀ ਅਕਲ ਦਾ ਇਸਤੇ-ਮਾਲ ਕਿਉਂ ਨਹੀਂ ਕਰਦੇ? ਆਖਿਰ ਇਕ ਇਨਸਾਨ ਅਤੇ ਇਕ ਗਧੇ ਵਿਚ ਕੁਝ ਫਰਕ ਤਾਂ ਹੋਣਾ ਚਾਹੀਦਾ ਹੈ। ਮੈਨੂੰ ਵੇਖੋ, ਇਕ ਗੱਧਾ ਹੋ ਕੇ ਵੀ ਇਨਸਾਨਾਂ ਦੀ ਬੋਲੀ ਸਿਖ ਗਿਆ ਹਾਂ। ਕੀ ਤੁਸੀਂ ਇਨਸਾਨ ਹੋ ਕੇ ਵੀ ਮੇਰੇ ਵਰਗੇ ਗਧਿਆਂ ਤੋਂ ਕੁਝ ਸਿੱਖ ਨਹੀਂ ਸਕਦੇ?

"ਮਾਮਲਾ ਸੁਧਰ ਸਕਦਾ ਹੈ। ਜੇ ਥੋਹੜੀ ਜਿਹੀ ਅਕਲ ਫਿਲਮ-ਨਿਰਮਾਤਾ ਇਸਤੇਮਾਲ ਕਰਨ, ਥੋਹੜੀ ਜਿਹੀ ਅਕਲ ਦੇਖਣ ਵਾਲੇ ਦਿਖਾਉਣ, ਤਾਂ ਅਜੇਹੀਆਂ ਫਿਲਮਾਂ ਜ਼ਰੂਰ ਬਣ ਸਕਦੀਆਂ ਹਨ ਜਿਹੜੀਆਂ ਅਖਾਂ ਅਤੇ ਕੰਨਾਂ ਨੂੰ ਖੁਸ਼ ਕਰਨ ਦੇ ਨਾਲ ਨਾਲ ਦਿਮਾਗ ਨੂੰ ਫੁਰਤੀ ਪਹੁੰਚਾਉਣ। ਅਜੇਹੀ ਫਿਲਮਾਂ ਜੋ ਸਿਰਫ ਇਹ ਨਾ ਪੁੱਛਣ, 'ਦਿਲੇ ਨਾਦਾ ਤੁਝੇ ਹੂਆ ਕਿਆ ਹੈ?' ਸਗੋਂ ਇਹ ਵੀ ਦੱਸਣ 'ਆਖਰ ਇਸ ਦਰਦ ਕੀ ਦਵਾ ਕਿਆ ਹੈ?'

ਮੈਂ ਹਾਲੇ ਅੱਗੇ ਕੁਝ ਹੋਰ ਵੀ ਕਹਿਣਾ ਚਾਹੁੰਦਾ ਸੀ, ਪਰ ਹਾਲ ਵਿਚ ਹੂਟਿੰਗ ਸ਼ੁਰੂ ਹੋ ਗਈ। ਲੋਕ ਸੀਟੀਆਂ ਬਜਾਉਣ ਲੱਗੇ, ਪੈਰ ਮਾਰਨ ਲੱਗੇ, ਚੀਕਣ ਅਤੇ ਚਿਲਾਉਣ ਲਗੇ, "ਨਹੀਂ ਸੁਣਾਂਗੇ ਨਹੀਂ ਸੁਣਾਂਗੇ, ਬੰਦ ਕਰੋ ਇਹ ਦਰਦ ਬਕਵਾਸ।"

ਮੈਂ ਫੌਰਨ ਸਮਝ ਗਿਆ ਕਿ ਲੋਕ ਅਪਣੀ ਅਕਲ ਘਰ ਭੁੱਲ ਆਏ ਹਨ; ਇੰਨਾ ਨੂੰ ਕੋਈ ਕੰਮ ਦੀ ਗੱਲ ਕਹਿਣੀ ਮੁਸ਼ਕਲ ਹੈ। ਮੈਂ ਫੌਰਨ ਅਪਣਾ ਮੂਡ ਬਦਲਿਆ। ਪਿਛੇ ਹੱਟ ਕੇ ਇੰਨੇ ਜ਼ੋਰ ਦੀ ਗਧੇ ਦੀ ਢੀਚੂੰ ਲਾਈ ਕਿ ਸਾਰੇ ਹਾਲ ਦਾ ਮੂਡ ਬਦਲ ਗਿਆ। ਹੂਟਿੰਗ ਇਕ ਦੰਮ ਬੰਦ ਹੋ ਗਈ। ਅਤੇ ਲੋਕ ਖੁਸ਼ੀ ਵਿਚ ਕਹਿਕੇ ਲਾਉਣ ਲਗੇ ਅਤੇ ਤਾੜੀਆਂ ਬਜਾਉਣ ਲਗੇ।

ਮੈਂ ਕਿਹਾ, "ਭਾਈਓ ਅਤੇ ਭੈਣੋ, ਇਕ ਅਹਿਮਕ ਜਿਸ ਤਰਾਂ ਦੂਸਰੇ ਅਹਿਮਕ ਦੇ ਦਿਲ ਦੀ ਗੱਲ ਸਮਝਦਾ ਹੈ, ਇਸੇ ਤਰਾਂ ਮੈਂ ਵੀ ਸਮਝ ਗਿਆ ਕਿ ਤੁਸੀਂ ਮੈਥੋਂ ਕੀ ਚਾਹੁੰਦੇ ਹੋ। ਲੌ, ਹੁਣ ਮੈਂ ਤੁਹਾਨੂੰ ਇਕ ਫ਼ਿਲਮੀ ਗਾਣਾ ਸਣਾਉਂਦਾ ਹਾਂ।" ਅਤੇ ਇਹ ਕਹਿਕੇ ਮੈਂ ਸਟੇਜ ਤੇ ਥਿਰਕਣਾ ਸ਼ੁਰੂ ਕੀਤਾ ਅਤੇ ਗਾਣਾ ਚਾਲੂ ਕੀਤਾ: —

"ਮੈਂ ਕਹੂੰ ਅੱਲ੍ਹਾ ਹੂ
ਉਹ ਕਹੇ ਯਾਹੂ
ਯਾਹੂ ਆਇਆ ਯਾਹੂ ਆਇਆ
ਯਾਹੀ ਆਈ ਯਾਹੀ ਆਈ
ਫਿਲਮ ਵਿਚ ਤਬਾਹੀ ਆਈ
ਤਬਾਹੀ ਦੇ ਦੋ ਬੱਚੇ
ਝੂਠੇ ਅਤੇ ਸੱਚੇ
ਦੂਰ ਦੂਰ ਦੂਰ
ਮੋਤੀ ਚੂਰ ਮੋਤੀ ਚੂਰ
ਸ਼ਸ਼ੀ ਕਪੂਰ ਸ਼ਸ਼ੀ ਕਪੂਰ



Namdhari Elibrary NamdhariElibrary@gmail.com

ਯਾਹੂ ਯਾਹੀ ਯਹਾਨ
ਅੰਗਣ ਵਿਚ ਖੇਲੇ ਕਾਹਨ
ਕਾਹਨ ਦੀ ਬੰਸੀ
ਬੰਸੀ ਵਿਚ ਕਾਂਟਾ
ਕਾਂਟੇ ਵਿਚ ਮਛਲੀ
ਉਛਲੀ ਉਛਲੀ ਉਛਲੀ।"

'ਉਛਲੀ, ਉਛਲੀ, ਉਛਲੀ ਕਹਿਕੇ ਤਾਂ ਮੈਂ ਉਛਲਣਾ ਅਤੇ ਟਵਿੱਸਟ ਦੇ ਭਾਵ ਵਿਚ ਨੱਚਣਾ ਸ਼ੁਰੂ ਕੀਤਾ ਤਾਂ ਹਾਲ ਵਿਚ ਬੈਠੇ ਲੋਕ ਵੀ ਤਾੜੀਆਂ ਮਾਰਦੇ ਹੋਏ ਆਪਣੀਆਂ ਸੀਟਾਂ ਤੋਂ ਉਠਣ ਲਗੇ ਅਤੇ ਉਛਲੀ, ਉਛਲੀ, ਉਛਲੀ, ਕਹਿ ਕੇ ਇਸ ਤਰ੍ਹਾਂ ਉਛਲਣ ਲੱਗੇ ਕਿ ਕੁਰਸੀਆਂ ਟੁੱਟਣ ਲਗੀਆਂ।

ਸਾਰੇ ਹਾਲ ਵਿਚ ਹੰਗਾਮਾ ਮਚਿਆ ਸੀ। ਸ੍ਰੀ ਆਠਵਲੇ ਨੂੰ ਡਰ ਪੈਦਾ ਹੋਇਆ ਕਿ ਕਿਤੇ ਇਸ ਹੰਗਾਮੇ ਦੇ ਅੰਦਰ ਲੋਕ ਕੁਰਸੀਆਂ ਨਾ ਤੋੜ ਸੁੱਟਣ, ਇਸ ਲਈ ਮੈਂ ਉਸ ਦੀ ਅੱਖ ਦਾ ਇਸ਼ਾਰਾ ਪਾਂਦੇ ਹੀ ਟਵਿਸਟ ਬੰਦ ਕਰ ਦਿਤਾ। ਸ੍ਰੀ ਅਠਵਲੇ ਨੇ ਫਿਲਮ ਦਾ ਹੁਕਮ ਦੇ ਦਿਤਾ।

ਜਿਉਂ ਹੀ ਹਾਲ ਵਿਚ ਹਨੇਰਾ ਹੋਇਆ ਅਤੇ ਫਿਲਮ ਦਾ ਮਿਊਜ਼ਿਕ ਸ਼ੁਰੂ ਹੋਇਆ, ਲੋਕ ਤਾੜੀਆਂ ਮਾਰਦੇ ਹੋਏ ਆਪਣੀਆਂ ਆਪਣੀਆਂ ਕੁਰਸੀਆਂ ਤੇ ਬੈਠ ਗਏ ਅਤੇ ਸਾਰੇ ਫਿਲਮੀ ਸਿਤਾਰੇ ਮੇਰੇ ਨਾਲ ਪਿਛਲੇ ਦਰਵਾਜ਼ੇ 'ਚੋਂ ਖਿਸਕ ਗਏ।

ਪ੍ਰੀਮੀਅਰ ਬਹੁਤ ਸਫਲ ਰਿਹਾ। ਮਸ਼ਹੂਰ ਅਭਿਨੇਤਾ ਸ਼ਸ਼ੀ ਕਪੂਰ ਨੇ ਮੇਰੀ ਪਿੱਠ ਤੇ ਹੱਥ ਫੇਰੇ ਅਤੇ ਮੇਰੇ ਕੰਨ ਆਪਣੇ ਹੱਥਾਂ ਵਿਚ ਲੈ ਕੇ ਉਨ੍ਹਾਂ ਨੂੰ ਜ਼ੋਰ ਜ਼ੋਰ ਨਾਲ ਹਿਲਾਕੇ ਮੈਨੂੰ ਸ਼ਾਬਾਸ਼ ਦਿੱਤੀ, ਬੋਲਿਆ, "ਤੂੰ ਠੀਕ ਸਮੇਂ ਤੇ ਤਮਾਸ਼ਬੀਨਾਂ ਦਾ ਮੂਡ ਬਦਲ ਕੇ ਉਨ੍ਹਾਂ ਨੂੰ ਖੁਸ਼ ਕਰ ਦਿਤਾ। ਤੇਰੇ ਨਾਚ ਅਤੇ ਗਾਣੇ ਨੇ ਤਾਂ ਉਨ੍ਹਾਂ ਨੂੰ ਬਿਲਕੁਲ ਮੋਹ ਲਿਆ। ਹੈਰਤ ਹੈ ਇਕ ਜਾਨਵਰ ਹੋ ਕੇ ਤੈਂ ਇਹ ਟਵਿਸਟ ਕਿਵੇਂ ਸਿੱਖ ਲਿਆ?"

ਮੈਂ ਕਿਹਾ, "ਟਵਿਸਟ ਅਸਲ ਵਿਚ ਜਾਨਵਰਾਂ ਦਾ ਨਾਚ ਹੈ ਅਤੇ ਉੱਥੋਂ ਹੀ ਆਇਆ ਹੈ। ਸਾਨੂੰ ਇਸਦੇ ਸਿੱਖਣ ਦੀ ਜ਼ਰੂਰਤ ਨਹੀਂ ਪੈਂਦੀ।"

ਸ਼ਸ਼ੀ ਕਪੂਰ ਹੱਸਿਆ, ਬੋਲਿਆ, "ਮੇਰੇ ਇਕ ਮਿੱਤਰ ਦੀ ਪਿਕਚਰ ਵਿੱਚ ਖੱਚਰ ਦਾ ਰੋਲ ਹੈ, ਕਰੇਂਗੇ?" ਛੇਤੀ ਨਾਲ ਆਠਵਲੇ ਬੋਲ ਉੱਠੇ, "ਹਾਲੇ ਇਕ ਹਫਤੇ ਤੀਕ ਮੈਂ ਇਸ ਨੂੰ ਇੱਥੇ ਹੀ ਰੱਖਾਂਗਾ।"

"ਹਾਲੇ ਇਕ ਹਫਤੇ ਤੀਕ ਤਾਂ ਮੈਨੂੰ ਪੂਨਾ ਵਿੱਚ ਕੰਮ ਹੈ" ਮੈਂ ਰੁਪਕਰੀ ਅਤੇ ਲਲਤਾਬਾਈ ਵੱਲ ਵੇਖਦੇ ਕਿਹਾ।

"ਹਾਲੇ ਇਕ ਹਫਤੇ ਤੀਕ ਤਾਂ ਇਸ ਫਿਲਮ ਦੀ ਆਊਟਡੋਰ ਸ਼ੂਟਿੰਗ ਵੀ ਨਾ ਹੋਵੇਗੀ ਅਤੇ ਜਦੋਂ ਹੋਵੇਗੀ ਤਾਂ ਇਥੇ ਹੀ ਕਿਤੇ ਪੂਨਾ ਦੇ ਆਸੇ ਪਾਸੇ ਲੂਨਾਵਲਾ ਜਾਂ ਖੰਡਾਲਾ ਵਿੱਚ ਹੋਵੇਗੀ। ਜਦੋਂ ਹੋਵੇਗੀ ਤਾਂ ਮੈਂ ਖੁਦ ਤੈਨੂੰ ਇਥੇ ਆਕੇ ਸ੍ਰੀ ਆਠਵਲੇ ਦੀ ਇਜਾਜ਼ਤ ਨਾਲ ਲੈ ਜਾਵਾਂਗਾ —ਓ. ਕੇ.।"

'ਓ. ਕੇ.।'

"ਡਨ?"

"ਡਨ।"

ਸ਼ਸ਼ੀ ਕਪੂਰ ਨੇ ਫਿਰ ਮੇਰੇ ਨਾਲ ਹੱਥ ਮਿਲਾਇਆ ਅਤੇ ਦੁਬਾਰਾ ਆਉਣ ਦਾ ਵਾਇਦਾ ਕਰਕੇ ਵਿਦਾ ਹੋਇਆ। ਸ੍ਰੀ ਆਠਵਲੇ ਨੇ ਮੇਰੇ ਕਹਿਣ ਤੇ ਰੁਪਕਰੀ ਅਤੇ ਲਲਤਾਬਾਈ ਨੂੰ ਦੋ ਸੌ ਰੁਪਏ ਦਿੱਤੇ। ਅੱਸੀ ਰੁਪਏ ਭੀੜ 'ਚੋਂ ਜਮਾਂ ਹੋਏ ਸਨ। ਰੁਪਕਰੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸ ਨੇ ਮੇਰੀ ਗਰਦਨ ਵਿੱਚ ਹੱਥ ਪਾ ਕੇ ਅਪਣਾ ਪਿਆਰ ਦਰਸਾਇਆ।

ਮੈਂ ਕਿਹਾ, "ਪਿਆਰੇ ਰੁਪਕਰੀ, ਸੱਚੀ ਮਿੱਤਰਤਾ ਸਿਰਫ ਗਧੇ ਕਰ ਸਕਦੇ ਹਨ, ਮਤਲਬ ਦੀ ਮਿੱਤਰਤਾ ਇਨਸਾਨ ਕਰਦੇ ਹਨ। ਇਕ ਗਧੇ ਅਤੇ ਇਨਸਾਨ ਵਿੱਚ ਇਹੋ ਹੀ ਤਾਂ ਫ਼ਰਕ ਹੈ। ਇਨਸਾਨ ਬਣਨਾ ਬਹੁਤ ਆਸਾਨ ਹੈ। ਗਧਾ ਬਣਨਾ ਬਹੁਤ ਮੁਸ਼ਕਲ ਹੈ। ਆਓ ਚੱਲੀਏ, ਕਿਸੇ ਦੇਵਸਥਾਨ ਤੇ, ਅਤੇ ਭਗਵਾਨ ਨੂੰ ਪ੍ਰਾਰਥਨਾ ਕਰੀਏ ਕਿ ਉਹ ਸਾਨੂੰ ਸਦਾ ਗਧੇ ਹੀ ਬਣਾਈ ਰੱਖੇ।"

(ਪੰਜਾਬੀ ਰੂਪ ਅਵਤਾਰ ਟੱਲੇਵਾਲੀਆ)



Namdhari Elibrary NamdhariElibrary@gmail.com



# ਲੋਕ ਸੰਗੀਤ

ਪ੍ਰੋ: ਜੋਗਿੰਦਰ ਬਾਵਰਾ
ਗੌ: ਟਰੇਨਿੰਗ ਕਾਲਜ,
ਜਲੰਧਰ ।

ਅਜ ਕਲ ਜਿਹੜਾ ਸੰਗੀਤ ਆਮ ਪ੍ਰਚਾਰ ਵਿਚ ਹੈ ਉਹ ਦੋ ਪ੍ਰਕਾਰ ਦਾ ਹੈ । (1) ਸ਼ਾਸਤਰੀਯ ਸੰਗੀਤ, (2) ਸੁਗਮ ਸੰਗੀਤ । ਸ਼ਾਸਤਰੀਯ ਸੰਗੀਤ ਨੂੰ ਵਿਸ਼ੇਸ਼ ਨਿਯਮਾਂ ਅਧੀਨ ਹੋਣ ਕਾਰਨ ਸ਼ਾਸਤਰੀਯ ਸੰਗੀਤ ਕਿਹਾ ਜਾਂਦਾ ਹੈ, ਇਸ ਦਾ ਵਿਸਤਾਰ ਬੜਾ ਲੰਬਾ ਚੌੜਾ, ਉਚਾ ਤੇ ਗਹਿਰਾ ਹੈ, ਭਾਵ—ਅਥਾਹ ਹੈ । ਰਾਗਾਂ ਵਿਚੋਂ ਰਾਗ ਨਿਕਲੀ ਚਲੇ ਜਾਂਦੇ ਹਨ । ਪਰ ਸੁਗਮ ਸੰਗੀਤ ਦਾ ਖੇਤਰ ਵੀ ਕੁਝ ਘਟ ਨਹੀਂ । ਸੁਗਮ ਸੰਗੀਤ ਦਾ ਇਕ ਅੰਗ ਲੋਕ ਸੰਗੀਤ ਹੈ । ਲੋਕ ਸੰਗੀਤ ਲੋਕਾਂ ਦੇ ਦਿਲਾਂ ਦੀ ਧੜਕਨ ਦੀ ਅਵਾਜ਼ ਹੈ । ਉਹ ਅਵਾਜ਼ ਹਰੇਕ ਸੁਣ ਸਕਦਾ ਹੈ, ਸੁਣਾ ਸਕਦਾ ਹੈ । ਲੋਕ ਸੰਗੀਤ ਬਾਰੇ ਅਲਗ-ਅਲਗ ਵਿਦਵਾਨਾਂ ਨੇ ਅਲਗ-ਅਲਗ ਪਰੀਭਾਸ਼ਾਵਾਂ ਦਿਤੀਆਂ ਹਨ । ਮੇਰੇ ਵਿਚਾਰ ਵਿਚ ਲੋਕ ਸੰਗੀਤ ਜਨ-ਸਾਧਾਰਨ ਦੇ ਮਨੋਰੰਜਨ ਅਤੇ ਆਂਤਰਿਕ ਭਾਵਨਾਵਾਂ ਦਾ ਪ੍ਰਗਟਾਵਾ ਹੈ । ਇਸ ਦੀ ਭਾਸ਼ਾ ਸਰਲ, ਧੁਨ ਸਾਦਾ, ਜਿਵੇਂ ਸਰਲ ਮਨੁਖ ਦਾ ਸਾਦਾ ਸੁਭਾਅ । ਮੌਜ ਵਿਚ ਆਇਆ ਮਨੁਖ ਜਦੋਂ ਉਮੰਗ ਵਿਚ ਕੁਝ ਗਾ ਉਠਦਾ ਹੈ ਉਸ ਦੇ ਬੁਲ੍ਹਾਂ ਤੇ ਕੋਈ ਗੀਤ ਥਿਰਕ ਉਠਦਾ ਹੈ ਉਸ ਦਾ ਅੰਗ ਅੰਗ ਝੂਮ ਉਠਦਾ ਹੈ ਤੇ ਉਹ ਨੱਚ ਉਠਦਾ ਹੈ ਸਮਝੋ ਸੰਗੀਤ ਉਲਰ ਉਲਰ ਪੈਂਦਾ ਹੈ ਬਸ ਇਹੋ ਲੋਕ ਸੰਗੀਤ ਦੀ ਉਤਪਤੀ ਦਾ ਸੋਮਾਂ ਹੈ । ਪਾਣੀ ਭਰਦੀਆਂ ਪਨਹਾਰਨਾਂ ਪੀਘਾਂ ਝੂਟਦੀਆਂ ਨਾਰੀਆਂ, ਹਲ ਵਾਹੁੰਦਾ ਕਿਸਾਨ, ਬਾਜਰਾ ਕੁਟਦੀ ਨਾਰ, ਚੱਕੀ ਚਲਾਉਂਦੀ ਇਸਤਰੀ ਆਪਣੇ ਆਪ ਕੁਝ ਗੁਣਗੁਨਾ ਉਠਦੀ ਹੈ ਤੇ ਉਹ ਲੋਕ ਸੰਗੀਤ ਦਾ ਹਿੱਸਾ ਬਣ ਜਾਂਦੀ ਹੈ ।

ਲੋਕ ਸੰਗੀਤ ਆਪਣਾ ਇਕ ਵਖਰਾ ਸਥਾਨ ਰਖਦਾ ਹੈ ਇਸ ਵਿਚ ਸੁਰਤਾਲ ਦੀ ਪੂਰੀ ਮਹਿਕ ਹੈ, ਮਧੁਰਤਾ ਤੇ ਰਸ ਨਾਲ ਔਤ-ਪੋਤ ਹੁੰਦਾ ਹੈ । ਪਿੰਡਾਂ ਦੇ ਲੋਕ ਜਿਨ੍ਹਾਂ ਨੂੰ ਸੰਗੀਤ ਦਾ ਕੋਈ ਗਿਆਨ ਨਹੀਂ ਹੁੰਦਾ ਲੋਕ ਗੀਤਾਂ ਦਾ ਆਨੰਦ ਮਾਣਦੇ ਹਨ । ਇਹ ਆਪਣੀ ਸਰਲਤਾ ਦੇ ਕਾਰਨ ਦਿਲਾਂ ਨੂੰ ਛੋਹੰਦਾ ਹੈ । ਲੋਕ ਗੀਤਾਂ ਵਿਚ ਆਮ ਕਰਕੇ ਤੇ ਖਾਸ ਕਰਕੇ ਖੇਤੀਬਾੜੀ, ਹਲ ਚਲਾਉਣਾ, ਬੀਜਣਾ, ਕਟਣਾ, ਗਾਵਾਂ-ਮੱਝਾਂ ਚਰਾਉਣਾ ਤੇ ਵੰਝਲੀ ਵਜਾਉਣਾ, ਸਮਾਜਿਕ ਰੀਤੀ ਰਿਵਾਜ-ਜਿਵੇਂ ਜਨਮ ਮੁੰਡਨ ਸੰਸਕਾਰ, ਪਗੜੀ ਜਾਂ ਨਾਮ ਸੰਸਕਾਰ, ਮੰਗਨੀ, ਵਿਆਹ, ਬਨਰਾ-ਬਨੀ ਦੀਆਂ ਘੋੜੀਆਂ, ਸੁਹਾਗ, ਸਿਹਰਾ, ਸਿਖਿਆ, ਘੜੋਲੀ, ਸਿਠਣੀਆਂ, ਮੌਤ ਦਾ ਸਿਆਪਾ ਆਦਿ । ਪਰੇਮ ਗੀਤ ਤਾਂ ਲੋਕ ਗੀਤਾਂ ਵਿਚ ਬੜੇ ਹੀ ਮਿਲਦੇ ਹਨ । ਭੈਣ ਭਰਾ ਦਾ ਪ੍ਰੇਮ, ਮਾਂ ਧੀ ਦਾ ਪਿਆਰ ਤੇ ਵਿਛੋੜਾ ਬਾਬੁਲ ਦੇ ਗੀਤ, ਨੂੰਹ ਸੱਸ, ਦਿਓਰ ਭਾਬੀ ਦੇ ਕਿਸੇ, ਲੋਹੀਆਂ ਪ੍ਰੇਮੀ ਤੇ ਪ੍ਰੇਮਿਕਾ ਦੇ ਗੀਤਾਂ ਰਾਹੀਂ ਸਾਨੂੰ ਗਹਿਣੇ, ਰਿਸ਼ਤਿਆਂ ਕਪੜਿਆਂ ਤੇ ਖਾਨ-ਪਾਨ ਤੇ ਰਹਿਨ-ਸਹਿਨ, ਧਰਮ, ਦੇਸ ਪਿਆਰ ਆਦਿ ਅਨੇਕਾਂ ਪੱਖ ਦਾ ਪਤਾ ਲਗਦਾ ਹੈ । ਕਿਸੇ ਵੀ ਲੋਕ ਸੰਗੀਤ ਵਿਚ ਗਿਣੇ ਜਾਂਦੇ ਹਨ । ਮਿਰਜ਼ਾ ਸਾਹਿਬਾਂ, ਸੋਹਣੀ ਮਾਹੀਵਾਲ, ਸੱਸੀ ਪੁੰਨੂੰ, ਪੂਰਨ ਭਗਤ, ਰੂਪ ਬਸੰਤ, ਹੀਰ ਰਾਂਝਾ, ਲੈਲਾ ਮਜਨੂੰ ਆਦਿ । ਬੋਲੀਆਂ, ਕਿਕਲੀ, ਟੱਪੇ, ਢਾਲੇ-ਮਾਹੀਆ, ਢੋਲਾ, ਜੁਗਨੀ, ਕਾਫੀਆਂ ਭਜਨ, ਧਾਰਮਕ ਗੀਤ, ਕੀਰਤਨ, ਝੂਮਰ, ਭੰਗੜਾ, ਗਿਧਾ, ਵਾਰਾਂ, ਦੋਹੇ ਕਬਿਤ



Namdhari Elibrary NamdhariElibrary@gmail.com

ਸਵੈਯੇ ਆਦਿ ਲੋਕ ਗੀਤਾਂ ਦੇ ਪ੍ਰਕਾਰ ਹਨ। ਇਸੇ ਤਰ੍ਹਾਂ ਹਰੇਕ ਪ੍ਰਾਂਤ ਦੇ ਆਪਣੇ ਆਪਣੇ ਲੋਕ ਗੀਤ ਹੁੰਦੇ ਹਨ। ਆਮ ਤੌਰ ਤੇ ਗ੍ਰਮੀਨ, ਮਿਹਨਤੀ ਤੇ ਮੱਧਮ ਵਰਗ ਹੀ ਇਹਨਾਂ ਦਾ ਸੁਆਦ ਮਾਣਦਾ ਹੈ । ਸਾਦੇ ਸਿਧੇ ਤੇ ਲੋਕਾਂ ਦੇ

ਸਿਧੇ ਸਾਦੇ ਸੁਰ ਤਾਲ ਵਿਚ ਸਿਧੇ ਸਾਦੇ ਹੀ ਲੋਕ ਗੀਤ ਹੁੰਦੇ ਹਨ ਪਰ ਅਰਥਹੀਨ ਨਹੀਂ ਹੁੰਦੇ। ਇਹ ਪੁਰਾਣੇ ਹੋਣ ਦੇ ਬਾਵਜੂਦ ਵੀ ਨਵੇਂ ਹੀ ਜਾਪਦੇ ਹਨ ਕਿਉਂਕਿ ਇਹਨਾਂ ਦਾ ਸਾਡੇ ਜੀਵਨ ਨਾਲ ਸਿਧਾ ਸਬੰਧ ਹੁੰਦਾ ਹੈ। ਜੀਵਨ ਦਾ ਦੁਖ ਸੁਖ, ਸੰਯੋਗ ਵਿਯੋਗ, ਖੁਸ਼ੀ-ਗਮੀ, ਪਰੇਮ, ਰਾਗ-ਦਵੇਸ਼, ਕਰੋਧ, ਰੀਤੀ ਰਿਵਾਜ, ਕੁਦਰਤ ਵਰਣਨ, ਰਿਸ਼ਤੇ ਨਾਤੇ, ਬਹਾਦਰੀ ਦੇ ਕਾਰਨਾਮੇ, ਦੇਸ਼ ਪਰੇਮ ਆਦਿ ਦਾ ਪ੍ਰਗਟਾਵਾ ਅਸੀਂ ਲੋਕ ਗੀਤਾਂ ਰਾਹੀਂ ਹੀ ਕਰਦੇ ਹਾਂ। ਲੋਕ ਗੀਤ ਸਾਡੇ ਜੀਵਨ ਦੇ ਹਰੇਕ ਪੱਖ ਨੂੰ ਛੂੰਹਦੇ ਹਨ। ਕਈ ਗੀਤ ਦੁਖ ਦਰਦ ਦੀ ਕਹਾਣੀ ਕਹਿੰਦੇ ਹਨ ਤੇ ਕਈ ਪਰੇਮੀ ਜਾਂ ਪਰੇਮਿਕਾ ਦੇ ਦਿਲ ਦੀ ਪੁਕਾਰ ਤੇ ਕਈ ਕੁਦਰਤ ਦੇ ਅਦੁਤੀ ਨਜ਼ਾਰਿਆਂ ਦਾ ਵਰਣਨ ਕਰਦੇ ਹਨ। ਹਰੇਕ ਅਵਸਰ ਦੇ ਭਿੰਨ ਭਿੰਨ ਗੀਤ ਹੁੰਦੇ ਹਨ। ਲੋਕ ਗੀਤਾਂ ਵਿਚ ਸੁਰ, ਤਾਲ ਤੇ ਰਾਗ ਵੀ ਹੁੰਦਾ ਹੈ। ਅਸੀਂ ਵੇਖਦੇ ਹਾਂ ਕਿ ਜਦੋਂ ਮਜ਼ਦੂਰ ਕੋਈ ਵਡਾ ਬੋਝ ਚੁਕਦੇ ਹਨ ਤਾਂ ਉਹ ਉਤਸ਼ਾਹ ਵਧਾਉਣ ਲਈ ਨਿਰ-ਅਰਥਕ ਸ਼ਬਦ ਜਿਵੇਂ ਹੈ ਆ, ਹਾਂ, ਹੇ, ਹੋ, ਹੀ, ਸਾਵਾ ਆਦਿ ਸ਼ਬਦਾਂ ਦੀ ਵਰਤੋਂ ਕਰਦੇ ਹਨ। ਇਹਨਾ ਸ਼ਬਦਾਂ ਨਾਲ ਇਕ ਲੈਅ ਪੈਦਾ ਹੁੰਦੀ ਹੈ ਤੇ ਸਾਰੇ ਲੈਅ ਦੇ ਅਨੁਸਾਰ ਇਕਠੇ ਜ਼ੋਰ ਲਗਾਉਂਦੇ ਹਨ।

ਲੋਕ ਗੀਤਾਂ ਵਿਚੋਂ ਰਾਗਾਂ ਦੀ ਭਾਲ ਵੀ ਕੀਤੀ ਜਾ ਸਕਦੀ ਹੈ। ਕੁਝ ਗੀਤ ਇਕੋ ਸੁਰ ਦੇ ਕੋਈ 2-3-4-5 ਸੁਰਾਂ ਦੇ ਵੀ ਹੁੰਦੇ ਹਨ। ਲੋਕ ਗੀਤਾਂ ਦੀ ਧੁੰਨ ਸੁਤੇ ਸਿਧ ਬਣਦੀ ਹੈ ਕਿਸੇ ਰਾਗ ਦਾ ਆਧਾਰ ਲੈ ਕੇ ਨਹੀਂ।

ਉਸ ਧੁਨ ਵਿਚ ਪ੍ਰਯੋਗ ਹੋਏ ਸੁਰਾਂ ਦੁਆਰਾ ਸ਼ਾਸ-ਤਰੀਆ ਸੰਗੀਤ ਦੇ ਨਿਯਮਾਂ ਦੁਆਰਾ ਗਾਣਾ ਸ਼ਾਸਤਰੀਅ ਸੰਗੀਤ ਬਣ ਜਾਂਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ਼ਾਸਤਰੀਅ ਸੰਗੀਤ ਦੇ ਕਈ ਰਾਗਾਂ ਦਾ ਜਨਮ ਲੋਕ ਧੁਨਾਂ ਤੋਂ ਹੋਇਆ । ਰਾਗ ਖਮਾਜ, ਪੀਲੂ, ਸਾਰੰਗ ਮਾਂਡ, ਭੈਰਵੀ, ਝਿੰਝੋਟੀ, ਪਹਾੜੀ, ਮੇਵਾੜ, ਆਸਾ, ਕਾਫੀ, ਤਿਲੰਗ, ਦੇਸ, ਸੋਰਠ, ਮਾਂਝ, ਤਿਲੰਗਕਾਮੋਦ ਆਦਿ ਕਈ ਰਾਗਾਂ ਦਾ ਜਨਮ ਲੋਕ ਧੁੰਨਾ ਤੋਂ ਹੀ ਹੋਇਆ। ਕਾਂਗੜੇ ਦੇ ਵਾਸੀ ਜਦੋਂ ਪਹਾੜੀਆਂ ਦਾ ਸਫਰ ਕਰਦੇ ਹਨ ਤਾਂ ਪਹਾੜੀ ਗੀਤ ਗਾਉਂਦੇ ਪੰਧ ਮੁਕਾਉਂਦੇ ਚਲੇ ਜਾਂਦੇ ਹਨ। ਚੰਦਰਾਕੇ ਕੁੰਜੂਆ ਦੇ ਪਰੇਮ ਗੀਤ ਸਵਾਲ-ਜਵਾਬ ਦੇ ਰੂਪ ਵਿਚ ਗਾਉਂਦੇ ਚਲੇ ਜਾਂਦੇ ਹਨ। ਰਾਜਸਥਾਨ ਵਿਚ ਆਲਾ-ਉਦਲ ਗੀਤ ਗਾ ਕੇ ਇੰਨਾ ਜੋਸ਼ ਭਰ ਦਿੰਦੇ ਹਨ ਕਿ ਸੁਨਣ ਵਾਲੇ ਤਲਵਾਰਾਂ ਕੱਢ ਲੈਂਦੇ ਹਨ । ਪੰਜਾਬ ਦੇ ਕਿੱਸੇ ਸੋਹਣੀ-ਮਹੀਵਾਲ, ਲੈਲਾ ਮਜਨੂੰ, ਮਿਰਜ਼ਾ-ਸਹਿਬਾਂ, ਹੀਰ-ਰਾਂਝਾ, ਰੂਪ-ਬਸੰਤ ਆਦਿ ਬੜੇ ਪ੍ਰਸਿਧ ਹਨ । ਲੋਕ ਆਮ ਪੜ੍ਹਦੇ ਤੇ ਸੁਣਦੇ ਹਨ। ਲੋਕ ਗੀਤਾਂ ਦੀ ਭਾਸ਼ਾ ਉਸ ਪ੍ਰਾਂਤ ਦੀ ਭਾਸ਼ਾ ਹੀ ਹੁੰਦੀ ਹੈ। ਇਹ ਕਾਗਜ਼ਾਂ ਦੀ ਬਜਾਏ ਲੋਕਾਂ ਦੇ ਮੂੰਹ ਤੇ ਵਧੇਰੇ ਹੁੰਦੇ ਹਨ । ਸ਼ਾਸਤਰੀ ਸੰਗੀਤ ਅਤੇ ਇਸ ਵਿਚ ਬੜਾ ਅੰਤਰ ਹੈ। ਜਿਸ ਤਰ੍ਹਾਂ ਕਿ ਨਾਮ ਤੋਂ ਹੀ ਸਪਸ਼ਟ ਹੈ ਕਿ ਸ਼ਾਸਤਰ ਤੇ ਆਧਾਰਿਤ ਸੰਗੀਤ। ਇਹ ਸੰਗੀਤ ਰਾਗ ਪ੍ਰਧਾਨ ਹੁੰਦਾ ਹੈ। ਕਲਾਕਾਰ ਨੂੰ ਉਸ ਦੇ ਨਿਯਮਾਂ ਦਾ ਪਾਲਨ ਕਰਨਾ ਹੁੰਦਾ ਹੈ। ਰਾਗ ਦੇ ਵਿਸ਼ੇਸ਼ ਸੁਰਾਂ ਰਾਹੀਂ ਹੀ ਉਸ ਦੇ ਸਰੂਪ ਨੂੰ ਦਰਸਾਉਣਾ ਹੁੰਦਾ ਹੈ। ਰਾਗ ਵਿਚ ਹਰੇਕ ਸੁਰ ਦਾ ਵਖ ਵਖ ਤਰ੍ਹਾਂ ਨਾਲ ਪ੍ਰਯੋਗ ਕਰ ਕੇ ਉਸ ਦੀ ਮਹੱਤਤਾ ਦਿਖਾਉਣੀ ਹੁੰਦੀ ਹੈ । ਸੁਰ ਲਗਾਵ ਵਾਦੀ, ਸਮਵਦੀ, ਵਿਵਾਦੀ ਵਰਜਿਤ, ਉਤਰਾਂਗ ਪੂਰਵਾਂਗ, ਸਰੂਪ, ਸਮਾਂ, ਭਾਵ, ਰੱਸ, ਤਾਲ, ਲੈਅਕਾਰੀਆਂ, ਗਮਕ ਤਾਲ ਆਦਿ ਸਾਰੀਆਂ ਗਲਾਂ ਦਾ ਧਿਆਨ ਰਖਦੇ ਹੋਏ ਸ਼ਾਸਤਰੀ ਸੰਗੀਤ ਗਾਇਆ ਜਾਂਦਾ ਹੈ । ਪਰ ਲੋਕ ਸੰਗੀਤ ਵਿਚ ਅਜੇਹਾ ਕੋਈ ਬੰਧਨ ਨਹੀਂ ਹੈ। ਫਿਰ ਵੀ ਦੋਨਾਂ ਦਾ ਮੁਖ ਉਦੇਸ਼ ਜਨ ਮਨਰੰਜਨ ਹੀ ਹੈ। ਰਾਗ ਬਾਰੇ ਕਿਹਾ ਹੈ "ਰੰਜਕੋ ਜਨ ਚਿਤਾਨਾਮ ਸ ਰਾਗਾ ਕਥਿਤੋ ਬੁਧੇ" ਅਰਥਾਤ—ਮਨੁੱਖੀ ਚਿਤ ਨੂੰ ਪ੍ਰਸੰਨ ਕਰਨ ਵਾਲੀ ਧੁੰਨ ਨੂੰ ਬੁਧੀਮਾਨ ਰਾਗ ਕਹਿੰਦੇ ਹਨ। ਲੋਕ ਸੰਗੀਤ ਵਿਚ ਕਵਿਤਾ ਸੁੰਦਰ ਹੋਣੀ ਚਾਹੀਦੀ ਹੈ। ਸੁਰ ਅਤੇ ਲੈਅ ਸੰਗੀਤ ਦੀ ਪਹਿਲੀ ਸ਼ਰਤ ਹੈ। ਭਾਵੇਂ ਉਹ ਸ਼ਾਸਤਰੀ ਸੰਗੀਤ ਹੋਵੇ ਭਾਵੇਂ ਲੋਕ ਸੰਗੀਤ ਤੇ ਸਾਜ਼ ਸੰਗੀਤ ਜਾਂ ਫਿਲਮ ਸੰਗੀਤ। ਲੋਕ ਸੰਗੀਤ ਦੇ ਸ਼ਬਦਾਂ ਦੇ ਭਾਵ ਗਹਿਰੇ ਨਾ ਹੋਣ। ਹਰੇਕ ਨੂੰ ਸਮਝ ਆਉਣ ਵਾਲੇ ਹੋਣ।

(ਚਲਦਾ)



Namdhari Elibrary NamdhariElibrary@gmail.com

# ਖੇਡਾਂ :

## ਭਵਿਖ ਭਾਰਤੀ ਹਾਕੀ ਦਾ ।

—ਨਰਾਇਣ

ਭਾਰਤੀ ਹਾਕੀ ਸੰਘ ਦੀ ਚੋਣ ਕਮੇਟੀ ਨੇ ਕੁਝ ਨਾਮੀ ਖਿਡਾਰੀਆਂ ਦੀ ਛਾਂਟੀ ਕਰ ਦਿਤੀ ਹੈ, ਉਹਨਾਂ 26 ਖਿਡਾ-ਰੀਆਂ ਵਿਚੋਂ, ਜਿਹਨਾਂ ਨੂੰ ਕਠਿਨ ਅਭਿਆਸ ਕਰਾਇਆ ਜਾਏਗਾ ਅਗਲੇ ਵਿਸ਼ਵ ਕਪ ਵਾਸਤੇ । ਇਹਨਾਂ ਮਸ਼ਹੂਰ ਖਿਡਾਰੀਆਂ ਵਿਚ ਕੁਝ ਖਿਡਾਰੀ ਐਸੇ ਵੀ ਹਨ ਜਿਹੜੇ ਦੇਸ਼ ਦੀ ਸੇਵਾ ਕਈ ਸਾਲ ਹੋਰ ਕਰ ਸਕਦੇ ਹਨ। ਇਹਨਾਂ ਚੁਣੇ ਗਏ 26 ਖਿਡਾਰੀਆਂ ਵਿਚੋਂ ਲਗ ਭਗ ਸਾਰੇ ਖਿਡਾਰੀ ਹੀ ਨੌਜਵਾਨ ਅਤੇ ਉਭਰਦੇ ਹੋਏ ਖਿਡਾਰੀ ਹਨ ।

ਇਹਨਾਂ ਖਿਡਾਰੀਆਂ ਦੀ ਚੋਣ ਦੇ ਦੌਰਾਨ ਤਜਰਬਾ-ਕਾਰ ਖਿਡਾਰੀਆਂ ਜਿਵੇਂ ਕਿ ਅਸ਼ੋਕ ਦੀਵਾਨ, ਚਾਂਦ ਸਿੰਘ, ਮਹਿੰਦਰ ਸਿੰਘ, ਅਜੀਤਪਾਲ ਸਿੰਘ, ਅਜੀਤ ਸਿੰਘ, ਅਸ਼ੋਕ ਕੁਮਾਰ ਤੇ ਗੋਵਿੰਦਾ ਆਦਿ ਲਿਸਟ ਵਿਚੋਂ ਗਾਇਬ ਹਨ। ਅਜੀਤਪਾਲ ਨੇ ਤਾਂ ਮਾਂਟਰੀਅਲ ਓਲਿੰਪਕ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਹਿ ਦਿਤਾ ਸੀ ਕਿ ਉਹ ਹਾਕੀ ਜਗਤ ਤੋਂ ਵਿਦਾ ਲੈ ਲਵੇਗਾ ਇਸ ਲਈ ਉਸ ਦੇ ਨਾਂ ਦੀ ਗੈਰ-ਹਾਜ਼ਰੀ ਕੋਈ ਹੈਰਾਨ-ਕੁਨ ਗਲ ਨਹੀਂ । ਹਾਂ ਭਾਰਤ ਦੇ ਫੁੱਲ ਬੈਕ ਜਿਵੇਂ ਕਿ ਸੁਰਜੀਤ ਸਿੰਘ ਤੇ ਅਸਲਮ ਸ਼ੇਰ ਖਾਨ ਤੇ ਗੋਲਕੀਪਰ ਫਰੈਡਰਿਕ ਵੀ ਇਹਨਾਂ ਚੁਣੇ ਗਏ 26 ਖਿਡਾਰੀਆਂ ਦੀ ਲਿਸਟ ਵਿਚੋਂ ਗਾਇਬ ਹਨ । ਕਿਹਾ ਜਾਂਦਾ ਹੈ ਕਿ ਇਹਨਾਂ ਖਿਡਾਰੀਆਂ ਦੇ ਵਖ ਵਖ ਟੂਰਨਾਮੈਂਟ ਵਿਚ ਪ੍ਰਦਰਸ਼ਨ ਨੂੰ ਬਾਰੀਕੀ ਨਾਲ ਵਾਚਿਆ ਤੇ ਘੋਖਿਆ ਜਾਵੇਗਾ ਤੇ ਫਿਰ ਇਹਨਾਂ ਦੇ ਭਵਿਖ ਬਾਰੇ ਫੈਸਲਾ ਕੀਤਾ ਜਾਵੇਗਾ ਜਿਹੜੇ ਕਿ ਇਸ ਸਾਲ ਮਾਰਚ ਤੋਂ ਮਈ ਦੇ ਦੌਰਾਨ ਖੇਡੇ ਜਾਣਗੇ ।

ਚੁਣੇ ਗਏ ਖਿਡਾਰੀਆਂ ਵਿਚੋਂ ਫੌਤਰੀ, ਭਾਸਕਰਨ, ਹਰਚਰਨ, ਸਈਦ ਅਲੀ, ਫਿਲਿਪਸ, ਪਰਭਾਕਰਨ, ਵਰਿੰਦਰ ਸਿੰਘ ਤੇ ਮਹਿਬੂਬ ਖਾਨ ਆਦਿ ਐਸੇ ਖਿਡਾਰੀ ਹਨ ਜੋ ਕਿ ਮਾਂਟਰੀਅਲ ਓਲਿੰਪਕ ਵਾਸਤੇ ਚੁਣੀ ਗਈ ਟੀਮ ਵਿਚ ਸਨ ।

ਚੋਣ ਕਮੇਟੀ ਨੇ ਉਭਰਦੇ ਹੋਏ ਖਿਡਾਰੀਆਂ ਦੀ ਇਕ ਲੜੀ ਬਣਾਈ ਹੈ ਜਿਹੜੇ ਕਿ ਆਉਣ ਵਾਲੇ ਸਾਲਾਂ ਵਿਚ ਭਾਰਤੀ ਹਾਕੀ ਦੀ ਸੇਵਾ ਕਰ ਸਕਣਗੇ। ਸਾਰਿਆਂ ਨਾਲੋਂ ਪਹਿਲੀ ਗਲ ਤਾਂ ਅਗਲਾ ਵਿਸ਼ਵ ਕਪ ਹਾਕੀ ਮੁਕਾਬਲਾ ਹੈ ਜਿਹੜਾ ਕਿ ਅਜੇ ਦੋ ਸਾਲ ਦੂਰ ਹੈ। ਪਰ ਇਹ ਦੋ ਸਾਲ ਦਾ ਸਮਾਂ ਐਨਾ ਜ਼ਿਆਦਾ ਨਹੀਂ ਕਿ ਅਸੀਂ ਤਿਆਰੀ ਦੇ ਪਖੋਂ ਅਵੇਸਲੇ ਹੋ ਜਾਈਏ ।

ਪਰ ਹੁਣ ਇਕ ਅੰਦੇਸ਼ਾ ਪੈਦਾ ਹੁੰਦਾ ਹੈ। ਪਾਕਿਸਤਾਨ ਵਿਚ ਕਾਇਦੇ-ਆਜ਼ਮ ਟੂਰਨਾਮੈਂਟ ਵਿਚ ਹਿਸਾ ਲੈਣ ਲਈ ਵੀ ਇਕ ਨਵੀਂ ਟੀਮ ਚੁਣੀ ਗਈ ਸੀ। ਉਸ ਦਾ ਨਤੀਜਾ ਬਹੁਤ ਨਿਰਾਸ਼ਾਜਨਕ ਨਿਕਲਿਆ। ਇਹਨਾਂ ਆਸਾਂ ਨੂੰ ਕਿ ਓਲੰਪਿਕ ਦੀ ਸ਼ਰਮਨਾਕ ਹਾਰ ਦੇ ਬਾਦ ਭਾਰਤੀ ਟੀਮ ਕੁਝ ਕਰ ਵਿਖਾਵੇਗੀ ਬਹੁਤ ਵਡੀ ਠੇਸ ਪਹੁੰਚੀ। ਇਹਨਾਂ ਗੱਲਾਂ ਨੂੰ ਨਜ਼ਰ ਵਿਚ ਰਖਦਿਆਂ ਹੋਇਆਂ ਇਹ ਸੋਚਣ ਤੇ ਮਜਬੂਰ ਹੋਣਾ ਪੈਂਦਾ ਹੈ ਕਿ ਕੀ ਇਹ ਨੀਤੀ ਠੀਕ ਹੈ ਕਿ ਲਗਭਗ ਸਾਰੀ ਟੀਮ ਨੂੰ ਹੀ ਨਵੇਂ ਸਿਰੇ ਤੋਂ ਉਸਾਰਿਆ ਜਾਵੇ। ਕੀ ਇਹ ਠੀਕ ਰਹੇਗਾ ਕਿ ਉਹਨਾਂ ਅਨੁਭਵੀ ਖਿਡਾਰੀਆਂ ਨੂੰ ਜਿਹੜੇ ਕਿ ਅਜੇ ਦੇਸ਼ ਦੀ ਕਈ ਸਾਲ ਸੇਵਾ ਕਰ ਸਕਦੇ ਹਨ ਇਕਦਮ ਅਖੋਂ ਉਹਲੇ ਕਰ ਦਿਤਾ ਜਾਵੇ ਅਤੇ ਉਹਨਾਂ ਨੂੰ ਮੌਕਾ ਹੀ ਨਾ ਦਿਤਾ ਜਾਵੇ ਆਪਣੀ ਹਾਰ ਨੂੰ ਜਿਤ ਵਿਚ ਬਦਲਣ ਦਾ । ਫਾਰਵਰਡ ਗੋਵਿੰਦਾ, ਅਸ਼ੋਕ ਤੇ ਫੁਲ ਬੈਕ ਅਸਲਮ ਤੇ ਸੁਰਜੀਤ ਸਿੰਘ ਐਸੇ ਖਿਡਾਰੀ ਹਨ ਜਿਹਨਾਂ ਵਿਚ ਅਜੇ ਕਈ ਸਾਲ ਬੇਹਤ-ਰੀਨ ਹਾਕੀ ਖੇਡਣ ਦੀ ਸਮਰਥਾ ਹੈ ਅਤੇ ਜਿਹਨਾਂ ਨੂੰ ਅਖੋਂ ਓਹਲੇ ਕਰਨਾ ਇਕ ਖਤਰਨਾਕ ਕਦਮ ਸਿੱਧ ਹੋ ਸਕਦਾ ਹੈ। ਇਹ ਠੀਕ ਹੈ ਨਵੇਂ ਖਿਡਾਰੀਆਂ ਨੂੰ ਜ਼ਰੂਰ ਮੌਕਾ ਦੇਣਾ ਚਾਹੀਦਾ ਹੈ। ਪਰ ਮੌਕਾ ਏਸ ਤਰੀਕੇ ਨਾਲ ਨਹੀਂ ਦੇਣਾ ਚਾਹੀਦਾ ਕਿ ਜਿਥੇ ਉਹਨਾਂ ਨੂੰ ਅਨੁਭਵੀ ਖਿਡਾਰੀ ਸਾਥੀਆਂ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਉਹਨਾਂ ਦੀ ਅਣਹੋਂਦ ਉਹਨਾਂ ਦੇ ਮਨੋਬਲ ਤੇ ਸੱਟ ਮਾਰੇ ।

ਚੋਣ ਕਮੇਟੀ ਨੂੰ ਆਪਣੇ ਫੈਸਲੇ ਤੇ ਦੁਬਾਰਾ ਵਿਚਾਰ ਕਰਨੀ ਚਾਹੀਦੀ ਹੈ ਅਤੇ ਭਵਿਖ ਵਿਚ ਇਕ ਅੱਛੀ ਟੀਮ ਤਿਆਰ ਕਰਨੀ ਚਾਹੀਦੀ ਹੈ ਜਿਹੜੀ ਕਿ ਅਨੁਭਵ ਅਤੇ ਉਭਰਦੇ ਹੋਏ ਖਿਡਾਰੀਆਂ ਦਾ ਸੁਮੇਲ ਹੋਵੇ । ਜਿਥੇ ਅਨੁਭਵ ਦੀ ਜ਼ਰੂਰਤ ਹੈ ਉਥੇ ਅਨੁਭਵ ਨੇ ਹੀ ਕੰਮ ਸਾਰਨਾ ਹੈ। ਐਨੇ ਵਡੇ ਪਧਰ ਤੇ ਪੁਰਾਣੇ ਖਿਡਾਰੀਆਂ ਦੀ ਨਿਕਾਸੀ ਇਕ ਹੋਰ ਸ਼ੱਕ ਨੂੰ ਵੀ ਪ੍ਰਬਲ ਕਰਦੀ ਹੈ ਕਿ ਕੀ ਇਹ ਕਾਰਵਾਈ ਇਸ ਲਈ ਤਾਂ ਨਹੀਂ ਕੀਤੀ ਗਈ ਕਿ ਇਹਨਾਂ ਖਿਡਾਰੀਆਂ ਨੇ ਓਲੰਪਿਕ ਦੌਰਾਨ ਟੀਮ ਦੇ ਮੈਨੇਜਰ ਤੇ ਕੋਚ ਵਿਰੁਧ ਕਥਿਤ ਵਿਰੋਧ ਕੀਤਾ ਸੀ। ਜੇਕਰ ਕੇਵਲ ਇਸ ਗੱਲ ਨੂੰ ਹੀ ਨਜ਼ਰ ਵਿਚ ਰਖਿਆ ਗਿਆ ਹੈ ਤਾਂ ਇਹ ਨਿਸ਼ਚਿਤ ਰੂਪ ਵਿਚ ਮਾੜੀ ਗਲ ਹੈ ਜਿਹੜੀ ਕਿ ਭਾਰਤੀ ਹਾਕੀ ਨੂੰ ਲਾਭ ਘਟ ਤੇ ਹਾਨੀ ਜ਼ਿਆਦਾ ਪਹੁੰਚਾ ਸਕਦੀ ਹੈ। ਇਸ ਲਈ ਚੋਣ ਕਮੇਟੀ ਨੂੰ ਆਪਣੀ ਲਿਸਟ ਵਿਚ ਉਹਨਾਂ ਖਿਡਾਰੀਆਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਜਿਹਨਾਂ ਦਾ ਭਵਿਖ ਭਾਰਤੀ ਹਾਕੀ ਦੀ ਸੇਵਾ ਕਰ ਸਕਦਾ ਹੈ ।

ਇਸ ਮਾਮਲੇ ਵਿਚ ਇਹ ਕੋਈ ਅਨੁਚਿਤ ਨਹੀਂ ਹੋਵੇਗਾ ਕਿ ਭਾਰਤੀ ਹਾਕੀ ਸੰਘ ਹਾਕੀ ਪਰੇਮੀਆਂ ਨੂੰ ਵੀ ਆਪਣੇ ਵਿਸ਼ਵਾਸ ਵਿਚ ਲਵੇ ਉਹਨਾਂ ਦੀ ਰਾਏ ਤੇ ਸਲਾਹ ਤੇ ਵੀ ਗੌਰ ਕਰੇ।



Namdhari Elibrary NamdhariElibrary@gmail.com







Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

ਕੁਆਲਟੀ ਮਾਰਕਡ

ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ
ਬਨਾਉਣ ਵਾਲੇ ।

TRADE **JASPAL** MARK

Grams : HABI INDUSTRIES | Phone : 2737

***HABI INDUSTRIES (Regd.)***

10 Industrial Area
PHAGWARA—144401 (Pb.)



Namdhari Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 275938
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ**
**ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ**
**ਫਰਨੀਚਰ ਲਈ ਪਧਾਰੋ ਜਾਂ ਲਿਖੋ।**

## ਨਾਮਧਾਰੀ ਏਜੰਸੀਜ਼

**੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ**

**ਚਾਂਦਨੀ ਚੌਂਕ ਦਿਲੀ ੧੧੦੦੦੬.**

**Manufacturers & Suppliers of :**

**TUKRIDAR PRINTED SHAMIANAS & KANATS**

**FOR ALL KINDS, IN ATTRACTIVE AND GUARANTEED FAST COLOURS;**

**WOODEN & STEEL FURNITURE**

**PLEASE CONTACT**

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**





Namdhari Elibrary NamdhariElibrary@gmail.com

ਖ਼ਾਲਸਾ ਜੀ ! ਪਗੜੀਆਂ ਵਾਸਤੇ

# ਸਪੈਸ਼ਲ ਵਾਇਲ

## SPECIAL VOIL

ਹਰ ਪ੍ਰਕਾਰ ਦੇ ਦਿਲ ਖਿਚਵੇਂ ਤੇ ਪਕੇ ਰੰਗਾਂ ਵਿਚ

# DELHI BEAUTY

**TRADE MARK**

ਬਨਾਉਣ ਵਾਲੇ–

# ਨਾਮਧਾਰੀ ਟੈਕਸਟਾਈਲ ਬੰਬਈ

# NAMDHARI TEXTILE BOMBAY

**Office : 502 Kakat Market**

**BOMBAY-2**



Namdhari Elibrary NamdhariElibrary@gmail.com

Registered : P/JL—97 MONTHLY WARIAM April 1977
Registered with the registrar of News Papers for India No 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

# ASOKA BISCUIT

## ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ




**WANTED SUB DEALERS**

## ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

**Phone : 29996**

## *NAMDHARI SALES AGENCIES*

*CHANDIGARH*

---

# M/S INDIAN FOOD AGENCIES

**229 Lajpat Rai Market, DELHI-110006**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।ਪ੍ਰਕਾਸ਼ਨ ਮਿਤੀ 5-4-1977

Namdhari Elibrary NamdhariElibrary@gmail.com